

# ਕੁੱਝ ਹਰਫ਼ ਤੇਰੇ ਨਾਮ

ਕਾਵਿ ਸੰਗ੍ਰਹਿ

ਲਖਵੀਰ ਸਿੰਘ 'ਵੀਰ'

Academy of the Punjab in North America: http://www.apnaorg.com



## ਲੱਖ ਖੁਸ਼ੀਆਂ ਮਾਣੇ ਲਖਵੀਰ! ਲਖੇ ਸਮਾਜ ਦੀ ਤਸਵੀਰ!

ਬਾਲ, ਜਵਾਨੀ ਅਤੇ ਬਿਰਧਪੁਣੇ ਦੀਆਂ ਤਿੰਨ ਮੁੱਖ ਅਵਸਥਾਵਾਂ ਗਿਣੀਆਂ ਗਈਆਂ ਹਨ । ਕੁਦਰਤ ਵਿਚ ਰਚੇ ਤੇ ਰਸੇ ਪ੍ਰਭੂ ਨਾਮ ਦੀ ਬਰਕਤ ਦੇ ਅਹਿਸਾਸ ਨੂੰ ਮਾਣੇ ਬਿਨਾਂ ਇਹ ਤਿੰਨੋ ਪੜਾਅ ਅਜਾਂਈ ਜਾਣ ਦਾ ਤੌਖਲਾ ਰਹਿੰਦਾ ਹੈ । ਬਾਲਪਣ ਤਾਂ ਆਪਣੇ ਆਪ ਵਿਚ ਫਰਿਸ਼ਤਿਆਂ ਦਾ ਅਵਤਰਨ ਹੁੰਦਾ ਹੈ ਜਿਸ ਵਿਚ ਭੋਲਾਪਣ ਤੇ ਨਿਰਦੋਸ਼ ਹਿਰਦਾ, ਬੱਚਿਆਂ ਦੇ ਚਿਹਰੇ ਨੂੰ ਤੱਕਣਯੋਗ ਬਣਾਉਂਦੇ ਹਨ । ਇਹੀ ਭੋਲਾਪਣ ਕਈ ਵੇਰਾਂ ਸਾਰੀ ਉਮਰਾਂ ਹੀ ਚਿਹਰੇ ਦੀ ਚਮਕ ਬਣ ਕੇ ਦੂਜਿਆਂ ਲਈ ਪ੍ਰੇਰਨਾ ਬਣਦਾ ਹੈ । ਜਿਹੜਾ 'ਕਵੀ' ਹਿਰਦਾ ਹੁੰਦਾ ਹੈ, ਉਸ ਵਿਚ ਨਿਰਦੋਸ਼ਤਾ ਦੇ ਨਾਲ-ਨਾਲ ਸੋਝੀ ਸੂਹਜ ਦੋਨਾਂ ਦਾ ਮਿਸ਼ਰਨ ਵੀ ਗਤੀਸ਼ੀਲ ਰਹਿੰਦਾ ਹੈ । ਕਵੀ ਹਿਰਦੇ ਵਿਚ ਜਵਾਨੀ ਦਾ ਜੋਸ਼, ਹੋਸ਼ ਦੇ ਸੰਗਮ ਨਾਲ ਸੰਜੀਦਗੀ ਵਿਚ ਬਦਲ ਜਾਂਦਾ ਹੈ । ਸੁੰਦਰਤਾ ਦਾ ਆਕਰਸ਼ਣ, ਵਾਸਨਾਵਾਂ ਦੇ ਛੱਪੜ ਵਿਚ ਲਿਬੇੜਣ ਦੀ ਥਾਵੇਂ ਸਰੋਵਰ ਵਿਚੋਂ ਹੰਸ-ਮੋਤੀ ਚੁਗਣ ਦਾ ਸਬੱਬ ਬਣਦਾ ਹੈ । ਜਵਾਨੀ ਦੀਆਂ ਜਨੂੰਨੀ ਤਰੰਗਾਂ, ਹਿੰਸਕ ਹੋਣ ਲਈ ਨਹੀਂ ਉਕਸਾਂਦੀਆਂ ਸਗੋਂ ਮਨੁੱਖਾਂ ਅਤੇ ਜੀਵਾਂ ਦੇ ਛੋਟੇ-ਛੋਟੇ ਦੁੱਖਾਂ ਸੁੱਖਾਂ ਨੂੰ ਭਾਵਨਾਤਮਕ ਸਾਂਚੇ ਦੀ ਕਲਾਤਮਕ ਪ੍ਰਕਿਰਿਆ ਦੁਆਰਾ ਕਾਵਿ ਧਾਰਾ ਵਿਚ ਵਹਾਅ ਦੇਣ ਲਈ ਉਤਾਵਲੀਆਂ ਰਹਿੰਦੀਆਂ ਹਨ । ਇਹ ਉਤਾਵਲਾਪਣ ਅਤੇ ਤਾਲਾਬੇਲੀ ਕਈ ਵਾਰ ਨਵੇਂ ਸਬਕ ਦਿੰਦੀ ਰਹਿੰਦੀ ਹੈ ਜਿਨ੍ਹਾਂ ਦੇ ਕਰਕੇ ਕਾਵਿਧਾਰਾ ਦੀ ਚਮਕ, ਵੈਰੀਨਾਗ ਦੇ ਚਸ਼ਮੇਂ ਦੀ ਝਲਕ ਤੇ ਡਲਕ ਵਰਗੀ ਬਣਦੀ ਰਹਿੰਦੀ ਹੈ । ਲਖਵੀਰ ਸਿੰਘ ਵੀਰ ਦੀ ਇਮਾਨਦਾਰ ਕਲਮ, ਸਮਾਜ ਦੇ ਅੰਦਰ ਸਨਮਾਨ, ਹਮਦਰਦੀ, ਘਾਲਨਾ, ਸਮਝਦਾਰੀ ਅਤੇ ਸਮਰਪਣ ਦੇ ਗੁਣਾਂ ਦੀ ਪ੍ਰਫੁੱਲਤਾ ਲਈ ਚਲਦੀ ਹੋਈ ਆਪਣੀ ਲੇਖਣੀ ਵਿਚ 'ਚਾਂਦੀ ਲੀਕ' ਦਿਖਾ ਰਹੀ ਹੈ । ਇਹ ਸੁੱਚਤਾ ਦੇ ਅੰਸਾਂ ਨਾਲ ਸ਼ਿੰਗਾਰੀ ਹੋਈ ਹੈ ਤੇ ਪ੍ਰੋੜਤਾ ਦੀ ਮੰਜ਼ਿਲ ਹਾਸਲ ਕਰਨ ਲਈ ਤੁਰ ਪਈ ਹੈ ।

ਅਧਿਆਪਕਾਂ, ਉਸਤਾਦਾਂ ਅਤੇ ਸੱਜਣਾਂ ਦੇ ਅਦਬ ਸਤਿਕਾਰ ਨਾਲ ਭਰੇ ਲਖਵੀਰ ਦਾ ਆਪਾ, ਅਦ੍ਰਿਸ਼ਟ ਸੌਂਦਰਯ ਅਤੇ ਸ਼ਬਦ-ਸੰਸਾਰ ਦੀ ਗਹਿਨ ਯਾਤਰਾ ਕਰਨ ਲਈ ਤੱਤਪਰ ਹੈ । ਉਸ ਦੀ ਕਾਵਿ ਯਾਤਰਾ ਦਾ ਸ਼ੁਭਾਰੰਭ ਹੋਇਆ ਹੈ। ਮੁਬਾਰਕਾਂ! ਵਧਾਈਆਂ!!

ਲਖਵੀਰ ਨੂੰ ਮਾਨਵਤਾ ਦੀ ਹੋਣੀ ਨੂੰ ਲਖਣ ਦੀ ਸਹਿਜ ਜੁਗਤ ਹਾਸਲ ਹੁੰਦੀ ਰਹੇ ਅਤੇ ਉਹ ਇਸੇ ਅਭਿਆਸ ਚੋਂ ਰਸਿਕ ਰਸਿਕ ਅੰਮ੍ਰਿਤ ਬੂੰਦਾਂ ਚਖਦੇ ਹੋਏ ਲੱਖ ਖੁਸ਼ੀਆਂ ਦਾ ਭਾਗੀ ਬਣੇ!


– ਪ੍ਰੋ: ਬਲਵਿੰਦਰਪਾਲ ਸਿੰਘ
ਆਨਰੇਰੀ ਸੰਪਾਦਕ
'ਸਾਡਾ ਵਿਰਸਾ ਸਾਡਾ ਗੌਰਵ'
ਮੁਖੀ, ਅਰਥ ਸ਼ਾਸਤਰ ਵਿਭਾਗ
ਜੀ.ਐਚ.ਜੀ. ਖਾਲਸਾ ਕਾਲਜ
ਗੁਰੂਸਰ ਸਧਾਰ (ਲੁਧਿ.)


Academy of the Punjab in North America: http://www.apnaorg.com

# ਕੁੱਝ ਹਰਫ਼ ਤੇਰੇ ਨਾਮ

## ਕਾਵਿ ਸੰਗ੍ਰਹਿ

ਲਖਵੀਰ ਸਿੰਘ 'ਵੀਰ'

Academy of the Punjab in North America: http://www.apnaorg.com

**KUJH HARF TERE NAAM**
Poems by :
**Lakhvir Singh (Veer)**
V.P.O. Ajram, Distt. Hoshiarpur 146111
E-mail : lakhvirsidhu101@hotmail.com
E-mail : lsveer101@yahoo.in
M.: 94634-38476, 98766-38147

ਪਹਿਲੀ ਵਾਰ: ਅਕਤੂਬਰ 2012

ਮੁੱਲ : 75-00 ਰੁਪਏ

**ਪ੍ਰਕਾਸ਼ਕ**

**ਲਿਖਾਰੀ ਮਿੱਤਰ**
ਲੁਧਿਆਣਾ
98880-21699

Academy of the Punjab in North America: http://www.apnaorg.com

## ਸਮਰਪਣ

ਅਜਿਹੀ ਰੂਹ ਨੂੰ ਜੋ ਪੜ੍ਹ ਕੇ ਮਹਿਸੂਸ ਕਰੇ ਕਿ
ਇਹ ਮੇਰੇ ਦਿਲ ਦੇ ਜਜ਼ਬਿਆਂ ਤੇ ਆਧਾਰਿਤ ਹੈ।

Academy of the Punjab in North America: http://www.apnaorg.com

## ਵਿਸ਼ੇਸ਼ ਧੰਨਵਾਦ

ਜੋ ਸ਼ੌਂਕ ਸ਼ਾਇਰੀ ਦਾ ਮੇਰੇ ਦਿਲ ਅੰਦਰ ਦੱਬਿਆ ਸੀ,
'ਲਵਲੀਨ' ਮੈਡਮ ਨੇ ਹੌਂਸਲੇ ਬੁਲੰਦ ਕਰਕੇ ਉਭਾਰ ਦਿੱਤਾ।
ਦਿਲ ਦੀਆਂ ਗਹਿਰਾਈਆਂ ਤੋਂ ਲਿਖੀਆਂ ਗਈ ਸਤਰਾਂ ਨੂੰ,
ਮੈਡਮ 'ਕਵਿਤਾ' ਨੇ ਸੋਧ ਕਰਕੇ ਹੋਰ ਸ਼ਿੰਗਾਰ ਦਿੱਤਾ।
'ਜੋਗਾ ਸਿੰਘ' ਤੇ 'ਸਤਵੰਤ ਸਿੰਘ' ਨੇ ਦੋ ਵੀਰ ਮੇਰੇ,
ਜਿੰਨ੍ਹਾਂ ਮੇਰੀ ਕਲਮ ਨੂੰ ਮਾਣ ਤੇ ਮੈਨੂੰ ਪਿਆਰ ਦਿੱਤਾ।
'ਸੁਪ੍ਰੀਤ ਸਿੰਘ' ਵਰਗੇ ਮੇਰੇ ਦੋਸਤਾਂ ਨੇ,
ਪੜ੍ਹ-ਪੜ੍ਹ ਮੇਰੀਆਂ ਸਤਰਾਂ ਨੂੰ ਹੋਰ ਨਿਖਾਰ ਦਿੱਤਾ।
ਸਦਾ ਝੁੱਕਦਾ ਰਹੇਗਾ ਸੀਸ ਮਾਲਕ ਦੇ ਦਰ ਉੱਤੇ,
ਜਿਸ ਮਾਲਕ ਨੇ 'ਵੀਰ' ਨੂੰ ਦੁਨੀਆਂ 'ਚ ਆਉਣ ਦਾ ਮਾਣ ਦਿੱਤਾ।

Academy of the Punjab in North America: http://www.apnaorg.com

# ਤਤਕਰਾ


ਕੁੱਝ ਹਰਫ਼ ਤੇਰੇ ਨਾਮ  ਡਾ. ਭੁਪਿੰਦਰ ਕੌਰ"ਕਵਿਤਾ" 1
ਕੁੱਝ ਆਪਣੇ ਵੱਲੋਂ  ਲਖਵੀਰ ਸਿੰਘ "ਵੀਰ" .....3
ਬੰਦਗੀ.....6
ਕਲਮ ਦੀ ਮਜਬੂਰੀ.....8
ਗੁਮਨਾਮ .....9
ਹਰਫ਼ਾਂ ਦੀ ਬਗਾਵਤ.....11
ਬਨਵਾਸੀ.....14
ਬੇਨਤੀ.....15
ਵਾਪਸੀ.....16
ਚੰਨ ਬੱਦਲੀ ਓਹਲੇ.....18
ਗ਼ਮਾਂ ਦੀ ਪਰਛਾਈ.....20
ਪੀੜਾਂ ਭਰੀ ਸੌਗਾਤ .....22
ਇੱਕ ਗੀਤ ਮੌਤ ਦਾ .....23
ਜੁਦਾਈ .....25
ਖ਼ੂਨ ਬਦਲੇ ਖ਼ੂਨ .....27
ਬੇ-ਪਹਿਚਾਣ .....30
ਕੁੱਝ ਚਿਰਾਂ ਤੋਂ.....32
ਹਾਦਸਾ .....33
ਕੁੱਝ ਹਰਫ਼ ਤੇਰੇ ਨਾਮ.....34
ਰੂਹਾਂ ਦਾ ਮੇਲ .....36
ਮੌਤ ਦਾ ਵਾਕਫ਼ .....37
ਤੇਰੇ ਜਾਣ ਪਿੱਛੋਂ.....39
ਜ਼ਿੰਦਗੀ ਨਾਲ ਤਕਰਾਰ .....41
ਮੌਤ ਜਾਂ ਜ਼ਿੰਦਗੀ .....43
ਮੇਰੇ ਦਿਲ ਦਾ ਦਰਦੀ.....44
ਬੇਚੈਨੀ .....46
ਤਾਰ ਗ਼ਮਾਂ ਦੀ .....48
ਸੁੰਨੀਆਂ ਰਾਹਾਂ .....49


Academy of the Punjab in North America: http://www.apnaorg.com

ਪਰ ਅਸੀਂ ਨਹੀਓਂ ਬਦਲੇ..............................50
ਪਛਤਾਵਾ ..........................................52
ਰੂਹਾਂ ਦੇ ਪਿਆਰੇ..................................53
ਯਾਦਾਂ ਦੀ ਤਸਵੀਰ ...............................56
ਸ਼ਾਇਦ ............................................58
ਰੁੱਤ ਸੁਵੰਨੀ........................................59
ਤਬਦੀਲੀ ...........................................61
ਤੇਰੀ ਯਾਦ..........................................62
ਉਡੀਕ...............................................63
ਉੱਜੜੇ ਰਾਹ........................................65
ਮੇਰੀ ਮਾਂ ਬੋਲੀ ....................................66
ਉਧਾਰਾ ਗੀਤ.......................................68
ਯਾਦਾਂ ਦੇ ਬਾਗੀਂ..................................72
ਦਰਦੀ .............................................74
ਗ਼ੁਫਤਗੂ............................................75
ਵਹਿਮ .............................................78
ਅਜਨਬੀ ਚਿਹਰਾ .................................79

Academy of the Punjab in North America: http://www.apnaorg.com

# 'ਕੁੱਝ ਹਰਫ਼ ਤੇਰੇ ਨਾਮ' ਲਈ

'ਕੁੱਝ ਹਰਫ਼ ਤੇਰੇ ਨਾਮ' ਲਖਵੀਰ ਸਿੰਘ 'ਵੀਰ' ਦੀ ਪਹਿਲ-ਕਲਮੀ ਹੈ। "ਮੈਡਮ ਆਪਣਾ ਇੱਕ ਵਿਦਿਆਰਥੀ ਕਵਿਤਾਵਾਂ ਲਿਖਦੈ ਤੇ ਬੀ.ਏ. ਫਾਈਨਲ ਤੋਂ ਪਹਿਲਾਂ ਕਾਵਿ-ਸੰਗ੍ਰਹਿ ਪ੍ਰਕਾਸ਼ਨਾ ਚਾਹੁੰਦੈ, ਜੇ ਆਪਾ ਉਸ ਨੂੰ ਗਾਈਡ ਕਰੀਏ ਤਾਂ ਉਸ ਦੀ ਕਲਮ ਨੂੰ ਸੇਧ ਮਿਲ ਸਕੇਗੀ, ਅੰਗਰੇਜ਼ੀ ਦੇ ਪ੍ਰੋਫੈਸਰ ਲਵਲੀਨ ਦੇ ਇਹਨਾਂ ਸ਼ਬਦਾਂ ਨੇ ਲਖਵੀਰ ਦੀ ਕਲਮ ਨਾਲ ਜਾਣ-ਪਛਾਣ ਕਰਾਈ। ਇੱਥੋਂ ਹੀ ਆਰੰਭ ਹੋਇਆ ਇਸ ਕਾਵਿ- ਸੰਗ੍ਰਹਿ ਦੀ ਪ੍ਰਕਾਸ਼ਨਾ ਦਾ ਸਫਰ । ਲਿਖਾਰੀ ਮਿੱਤਰਾਂ ਨੇ ਰਲ-ਮਿਲ ਲਖਵੀਰ ਨੂੰ ਸ਼ਾਬਾਸ਼ ਦਿੰਦਿਆਂ ਹੁੰਗਾਰਾ ਭਰਿਆ। ਪ੍ਰੋ. ਬਲਵਿੰਦਰ ਪਾਲ ਸਿੰਘ , ਕਵੀ ਅਜੀਤ ਸਿੰਘ ਅਜੀਤ ਨੂੰ ਉਸਦੀਆਂ ਨਿਰਾਸ਼ਾਵਾਦੀ ਤੇ ਅਪਰਪੱਕ ਕਵਿਤਾਵਾਂ 'ਚੋਂ ਵੀ ਕੁੱਝ ਆਸ ਦਿਖਾਈ ਦਿੱਤੀ। ਪ੍ਰੋ. ਇੰਦਰਜੀਤ ਕੌਰ ਨੇ ਉਸ ਨੂੰ ਕੀਮਤੀ ਸਲਾਹ ਦਿੱਤੀ.....'ਜੀਵਨ ਅਨਮੋਲ ਹੈ.......ਦੁਰਲੱਭ ਹੈ..... ਰੱਬ ਦੀ ਇਸ ਸੁਗਾਤ ਨੂੰ ਸੋਹਣੀ ਤਰ੍ਹਾਂ ਵਰਤ ਕੇ ਸਾਰਥਕ ਬਣਾਈਏ.....ਫਿਰ ਆਪੇ ਆਸ਼ਾਵਾਦੀ ਸੁਰ ਦਾ ਅਲਾਪ ਹੋਵੇਗਾ।' ਕਵੀ ਅਜੀਤ ਸਿੰਘ ਅਜੀਤ ਨੂੰ ਭਰੋਸਾ ਹੈ ਕਿ ਇੱਕ ਦਿਨ ਲਖਵੀਰ ਦੀ ਕਵਿਤਾ ਵਿੱਚ ਕਮਾਲ ਦੀ ਪ੍ਰੋੜਤਾ ਆ ਸਕਦੀ ਹੈ। ਇਹਨਾਂ ਇਛਾਵਾਂ ਤੇ ਭਰੋਸਿਆਂ ਸੰਗ ਕਵੀ ਦੀ ਮੁਸਕਾਨ ਲਈ 'ਕੁੱਝ ਹਰਫ਼ ਤੇਰੇ ਨਾਮ' ਦੀ ਪ੍ਰਕਾਸ਼ਨਾ ਲਈ ਅਸਾਂ ਸਹਿਯੋਗ ਦੇਣਾ ਆਰੰਭਿਆ।

ਉਸ ਦੀ ਕਵਿਤਾ 'ਜੁਦਾਈ' ਉਸ ਦੇ ਪੂਜਨੀਕ ਦਾਦਾ ਜੀ ਸ੍ਰ. ਪਿਆਰਾ ਸਿੰਘ ਜੀ ਦੀ ਮਿੱਠੀ ਤੇ ਨਿੱਘੀ ਯਾਦ ਨੂੰ ਸਮਰਪਿਤ ਹੈ। ਇਹ ਕਵਿਤਾ ਉਸ ਨੇ ਆਪਣੇ ਦਾਦਾ ਜੀ ਦੇ ਅੰਤਲੇ ਸਮੇਂ ਲਿਖੀ ਜਦ ਉਹ ਉਹਨਾਂ ਦੀ ਸੇਵਾ ਸਮੇਂ ਹਸਪਤਾਲ ਵਿੱਚ ਸੀ। ਇੰਨੇ ਨਾਜ਼ੁਕ ਪਲਾਂ ਵਿੱਚ ਵੀ ਜੇ ਕਵਿਤਾ ਅਹੁੜੇ ਤਾਂ ਉਹ ਸੱਚਮੁੱਚ 'ਕਵੀ' ਹੈ।

ਕਲਮ ਨਾਲ ਉਹ ਸੰਵਾਦ ਸਿਰਜਦਾ ਹੈ। ਉਹ ਕਲਮ ਨਾਲ ਸਦੀਵੀ ਰਿਸ਼ਤਾ ਬਣਾਉਣ ਲਈ ਯਤਨਸ਼ੀਲ ਹੈ। ਉਹ ਬੰਦਗੀ ਦੀ ਸੁਗਾਤ ਠੁਕਰਾਉਣੀ ਨਹੀਂ ਚਾਹੁੰਦਾ ਤੇ ਜਾਣਦਾ ਹੈ ਕਿ ਬੰਦਗੀ-ਵਿਹੂਣਾ ਜੀਵਨ ਠੋਕਰਾਂ ਖਾਣ ਜੋਗਾ ਰਹਿ ਜਾਂਦਾ ਹੈ। ਉਸ ਦੀ ਬੰਦਗੀ ਦੀ ਅਰਜ਼ੋਈ ਇਉਂ ਹੈ:

ਅੱਜ ਐਸੀ ਮੰਗਾਂ
ਖ਼ੁਦਾ ਸੌਗਾਤ ਤੈਥੋਂ

..........

ਹੇ ਖ਼ੁਦਾ
ਤੇਰੇ ਨਾਮ ਦੀ ਸੁਗੰਧੀ
ਮੇਰਾ ਰੋਮ-ਰੋਮ

Academy of the Punjab in North America: http://www.apnaorg.com

ਮਹਿਕਾ ਦਵੇ
ਹਰ ਸਾਹ ਮੇਰਾ
ਤੇਰੀ ਬੰਦਗੀ ਦੀ ਲੀਹ ਤੇ
ਰੁੜ੍ਹਦਾ ਜਾਵੇ
ਤੁਰਦਾ ਜਾਵੇ।

ਬਹੁਤੀਆਂ ਕਵਿਤਾਵਾਂ 'ਚ ਉਸਦੇ ਨਿੱਜੀ ਜਜ਼ਬਾਤ ਕਦੇ ਉਦਾਸੀ ਦੀ ਰੌਂਅ 'ਚ ਹੁੰਦੇ ਕਦੇ ਹਰਫ਼ਾਂ ਨਾਲ ਸੰਵਾਦ ਸਿਰਜਦੇ, ਕਦੇ ਗੀਤ ਦੀ ਭਾਲ 'ਚ ਹੁੰਦੇ ਤੇ ਅੰਤ ਇਹਨਾਂ 'ਚੋਂ ਅਰਥ - ਭਰਪੂਰ ਜੀਵਨ ਨੂੰ ਲੱਭਦੇ ਹਨ।

'ਬੰਦਗੀ ਦੀ ਖੈਰ' ਤੋਂ ਆਰੰਭ ਹੁੰਦਾ ਹੈ ਇਸ ਕਾਵਿ- ਸੰਗ੍ਰਹਿ ਦਾ ਸਫਰ..ਗੁਮਨਾਮ ਤੋਂ ਸੱਚ ਦੇ ਨਾਮ ਦਾ..ਹਰਫ਼ ਉਸ ਦੇ ਸਾਹ ਨੇ..ਕਲਮ ਉਸ ਦੀ ਜ਼ਿੰਦਗੀ......ਹਰਫ਼ ਬਗਾਵਤ 'ਚ ਨੇ ਸੋਹਣੀ ਘਾੜਤ ਲਈ ਉਤਸੁਕ ਨੇ। ਇਸੇ ਲਈ ਹਰਫ਼ਾਂ ਨੂੰ ਸੰਬੋਧਿਤ ਹੁੰਦੇ ਹੋਏ ਆਖਦਾ ਹੈ:

ਜੇ ਤੁਸਾਂ ਜ਼ਿੰਦਗੀ ਨੂੰ ਚਾਹੁੰਦੇ ਹੋ
ਮੈਂ ਵੀ ਆਸ
ਜਿਉਣ ਦੀ ਸਿੱਖਦਾ ਹਾਂ

'ਖ਼ੂਨ ਬਦਲੇ ਖ਼ੂਨ' ਜਹੀਆਂ ਕਵਿਤਾਵਾਂ 'ਚ ਜਜ਼ਬਾਤਾਂ ਦੇ ਤੇਜ਼ ਵੇਗ ਦਾ ਜ਼ਿਕਰ ਹੈ। ਸਮੇਂ ਨਾਲ ਭਾਵਨਾ ਸੰਗ ਬੋਧਿਕਤਾ ਵਿਕਸਿਤ ਹੋਵੇਗੀ ਤੇ ਇਸ ਦਾ ਸਹਿਜ-ਬੰਨ੍ਹ ਇਸ ਵੇਗ ਨੂੰ ਕਾਬੂ ਕਰੇਗਾ।ਕਹਾਣੀਕਾਰ ਤ੍ਰਿਪਤਾ ਕੇ. ਸਿੰਘ ਦਾ ਕਹਿਣਾ ਹੈ ਕਿ ਚੰਗੇ ਕਵੀਆਂ ਦੀ ਕਤਾਰ ਵਿੱਚ ਖਲੋਣ ਲਈ ਲਖਵੀਰ ਨੂੰ ਡੂੰਘੇ ਸਾਹਿਤਕ ਅਧਿਐਨ ਦੀ ਲੋੜ ਹੈ । ਲਖਵੀਰ ਕੋਲ ਮਾਂ-ਬੋਲੀ ਪ੍ਰਤੀ ਪਿਆਰ ਹੈ, ਇਸ ਪਿਆਰ , ਬੰਦਗੀ ਦੇ ਭਰੋਸੇ ,ਸਵਰਗਵਾਸੀ ਦਾਦਾ ਜੀ ਤੇ ਕਵੀ ਪਿਤਾ ਜੀ ਦੀਆਂ ਅਸੀਸਾਂ , ਅਧਿਆਪਕਾਂ ਦੀ ਅਗਵਾਈ ਤੇ ਲਿਖਾਰੀ ਮਿੱਤਰਾਂ ਦੀ ਸੰਗਤ ਸਦਕਾ ਉਹ ਆਪਣੀ ਸੂਰਤ ਤੇ ਸੀਰਤ ਨਿਆਰੀ ਬਣਾ ਸਕੇ ਤੇ ਰੂਹ ਨੂੰ ਸ਼ਿੰਗਾਰ ਸਕੇ, ਇਸ ਆਸ ਨਾਲ 'ਕੁੱਝ ਹਰਫ਼ ਤੇਰੇ ਨਾਮ' ਪਾਠਕਾਂ ਸਨਮੁੱਖ ਹੈ।

ਸੰਗ੍ਰਹਿ ਵਿਚਲੀਆਂ ਖਾਮੀਆਂ ਲਈ ਖ਼ਿਮਾ ਦੇ ਜਾਚਕ ਹਾਂ। ਸਤਵੰਤ ਤੇ ਸੁਪ੍ਰੀਤ ਉਸਦੇ ਪਿਆਰੇ ਦੋਸਤ ਹਨ। ਆਸ ਹੈ ਸਤ ਤੇ ਸੁਪ੍ਰੀਤ ਨਾਲ ਭਰਪੂਰ ਹੋਣਗੀਆਂ ਉਸ ਦੀਆਂ ਭਵਿੱਖੀ ਰਚਨਾਵਾਂ।

ਸ਼ੁਭ ਇੱਛਾਵਾਂ ਸਹਿਤ

ਡਾ: ਭੁਪਿੰਦਰ ਕੌਰ 'ਕਵਿਤਾ'
ਪੰਜਾਬੀ ਵਿਭਾਗ
ਸਰਕਾਰੀ ਕਾਲਜ, ਹੁਸ਼ਿਆਰਪੁਰ
9888084503

Academy of the Punjab in North America: http://www.apnaorg.com

# ਕੁੱਝ ਆਪਣੇ ਵੱਲੋਂ

ਇਸ ਖ਼ੂਬਸੂਰਤ ਦੁਨੀਆਂ ਵਿੱਚ ਰਹਿ ਰਹੇ ਹਰ ਇਨਸਾਨ ਦਾ ਕੋਈ ਨਾ ਕੋਈ ਮਕਸਦ ਜ਼ਰੂਰ ਹੁੰਦਾ ਹੈ। ਹਰੇਕ ਇਨਸਾਨ ਦੇ ਕੁੱਝ ਸੁਪਨੇ ਨੇ ਤੇ ਉਹ ਇੰਨ੍ਹਾਂ ਸੁਪਨਿਆਂ ਨੂੰ ਪੂਰਾ ਕਰਨ ਲਈ ਕੋਈ ਨਾ ਕੋਈ ਤਰੀਕਾ ਅਪਣਾਉਂਦਾ ਹੈ । ਪਰ ਦੁਨੀਆਂ ਵਿੱਚ ਅਜਿਹੇ ਇਨਸਾਨ ਵੀ ਨੇ ਜਿਨ੍ਹਾਂ ਲਈ ਜ਼ਿੰਦਗੀ ਇੱਕ ਬੋਝ ਹੈ ਤੇ ਉਹ ਇਸ ਜ਼ਿੰਦਗੀ ਤੋਂ ਦੂਰ ਜਾਣਾ ਚਾਹੁੰਦੇ ਨੇ। ਅਜਿਹੇ ਇਨਸਾਨ ਨੂੰ ਸਮਾਜ ਵਿੱਚ ਪਾਗ਼ਲ ਜਾਂ ਖ਼ੁਦਗਰਜ਼ ਦਾ ਨਾਂ ਦਿੱਤਾ ਜਾਂਦਾ ਹੈ। ਪਰ ਸਮਾਜ ਉਸ ਇਨਸਾਨ ਦੀਆਂ ਅੰਦਰੂਨੀ ਤਕਲੀਫਾਂ ਨੂੰ ਨਹੀਂ ਜਾਣਦਾ। ਅਜਿਹਾ ਇਨਸਾਨ ਆਪਣੇ ਆਪ ਨੂੰ ਸਮਾਜ ਨਾਲੋਂ ਅਲੱਗ ਸਮਝਣ ਲੱਗ ਪੈਂਦਾ ਹੈ ਤੇ ਆਪਣੇ-ਆਪ ਨੂੰ ਪੂਰਾ ਜਾਣਨ ਦੀ ਕੋਸ਼ਿਸ਼ ਕਰਦਾ ਹੈ। ਇਸ ਤਰ੍ਹਾਂ ਦੇ ਇਨਸਾਨ ਦਾ ਜ਼ਿੰਦਗੀ ਪ੍ਰਤੀ ਇਹ ਨਿਰਣਾ ਕਿਸੇ ਹੱਦ ਤੱਕ ਠੀਕ ਵੀ ਹੈ ਤੇ ਨਹੀਂ ਵੀ।

ਜਦ ਕਿਸੇ ਇਨਸਾਨ ਨੂੰ ਜੀਊਣ ਦਾ ਮਕਸਦ ਮਿਲ ਜਾਂਦਾ ਹੈ ਤਾਂ ਉਸਦੀ ਜ਼ਿੰਦਗੀ ਬਹੁਤ ਸੌਖੀ ਲੰਘਦੀ ਜਾਂਦੀ ਹੈ। ਸ਼ਾਇਰੀ ਲਿਖਣਾ ਮੇਰੀ ਜ਼ਿੰਦਗੀ ਦਾ ਇੱਕ ਮਕਸਦ ਬਣ ਗਿਆ ਹੈ । ਸ਼ਾਇਰੀ ਹੀ ਮੇਰੀ ਪਹਿਚਾਣ ਹੈ ਜਿਸ ਤੋਂ ਬਗੈਰ ਮੈਨੂੰ ਮੇਰੀ ਜ਼ਿੰਦਗੀ ਅਧੂਰੀ ਲੱਗਦੀ ਹੈ।

ਛੱਡ ਦਿੱਤੀ ਆਸ ਜਦੋਂ ਅਸੀਂ ਸੀ ਜੀਊਣ ਦੀ,  
ਉਸ ਵੇਲੇ ਰੱਬ ਸਾਨੂੰ ਨਵਾਂ ਰਸਤਾ ਵਿਖਾ ਦਿੱਤਾ।  
ਪਤਾ ਨਹੀਂਓ ਸੀ ਜ਼ਿੰਦਗੀ 'ਚ ਕੀ ਕਰੀਏ,  
ਉਸ ਹੱਥ ਕਲਮ ਫੜਾ ਸਾਨੂੰ ਲਿਖਣਾ ਸਿਖਾ ਦਿੱਤਾ।  
ਹੁਣ ਸਾਰਾ-ਸਾਰਾ ਦਿਨ ਅਸੀਂ ਲਿਖਦੇ ਹਾਂ ਰਹਿੰਦੇ,  
ਉਸ ਮਿਹਰ ਕਰ ਸਾਨੂੰ ਸ਼ਾਇਰ ਬਣਾ ਦਿੱਤਾ।  
ਖੁਸ਼ੀਆਂ ਨਾਲ ਭਰ ਦਿੱਤੀ ਝੋਲੀ ਜਿਸ ਨੇ ,  
ਸੀਸ 'ਵੀਰ' ਨੇ ਉਹਦੇ ਚਰਨਾਂ 'ਚ ਝੁਕਾ ਦਿੱਤਾ।

ਸੋਚਦਿਆਂ- ਸੋਚਦਿਆਂ ਸ਼ਾਇਰ ਦਾ ਮਨ ਪਤਾ ਨਹੀਂ ਕਿਸ ਪਹਾੜ ਦੀ ਸਿਖਰੇ ਜਾਂ ਧਰਤੀ ਦੀ ਤਹਿ ਹੇਠ ਪਹੁੰਚ ਸਕਦਾ ਹੈ। ਇਸ ਦਾ ਤਾਂ ਸਿਰਫ ਉਸ ਵਕਤ ਨੂੰ ਹੀ ਪਤਾ ਹੈ ਜਿਸ ਵਕਤ ਵਿੱਚੀਂ ਇੱਕ ਸ਼ਾਇਰ ਵਿਚਰਦਾ ਹੈ।

ਮੈਂ ਆਪਣੀ ਜ਼ਿੰਦਗੀ ਵਿੱਚ ਜਦ ਵੀ ਤਨਹਾਈ ਨੂੰ

Academy of the Punjab in North America: http://www.apnaorg.com

ਮਹਿਸੂਸ ਕੀਤਾ ਹੈ ਤਾਂ ਮੇਰੇ ਮਨ ਅੰਦਰ ਉੱਠ ਰਹੇ ਵਲਵਲਿਆਂ ਨੇ ਮੈਨੂੰ ਸਦਾ ਕੁੱਝ ਲਿਖਣ ਲਈ ਮਜਬੂਰ ਕੀਤਾ ਹੈ। ਇਸ ਮਜਬੂਰੀ ਵਿੱਚ ਮੈਂ ਆਪਣੇ ਅੰਦਰ ਦੀ ਦਸ਼ਾ ਨੂੰ ਕਾਗਜ਼ ਤੇ ਉਤਾਰਦਾ ਹਾਂ ਤੇ ਇਸ ਨੂੰ ਇੱਕ ਕਵਿਤਾ ਦਾ ਰੂਪ ਦੇ ਦਿੰਦਾ ਹਾਂ।

ਸਮਾਜ ਵਿੱਚ ਰਹਿੰਦਿਆਂ ਵੀ ਸ਼ਾਇਰ ਨੂੰ ਆਪਣੀ ਜ਼ਿੰਦਗੀ ਹੋਰਾਂ ਨਾਲੋਂ ਵੱਖਰੀ ਮਹਿਸੂਸ ਹੁੰਦੀ ਹੈ। ਮੈਂ ਜਦ ਆਪਣੇ ਦੋਸਤਾਂ ਨਾਲ ਬੈਠਦਾ ਜਾਂ ਘੁੰਮਦਾ ਹਾਂ ਮਨ, ਪਤਾ ਨਹੀਂ ਕਿਸੇ ਅਣਦੇਖੀ ਦੁਨੀਆਂ ਦੀ ਸੈਰ ਕਰਨ ਵਾਸਤੇ ਤੁਰ ਪੈਂਦਾ ਹੈ । ਜਦ ਮੇਰਾ ਮਨ ਵਾਪਸ ਪੁੱਜਦਾ ਹੈ ਤਾਂ ਜ਼ਿੰਦਗੀ ਦੀਆਂ ਭਾਵਨਾਵਾਂ ਪ੍ਰਤੀ ਮੇਰਾ ਰਵੱਈਆ ਬਦਲ ਦਿੰਦਾ ਹੈ ਤੇ ਇਸ ਦੁਨੀਆਂ ਤੋਂ ਇੱਕ ਅਲੱਗ ਜ਼ਿੰਦਗੀ ਜਿਉਂਣ ਲਈ ਮਜਬੂਰ ਕਰ ਦਿੰਦਾ ਹੈ।

ਦੁਨੀਆਂ ਵਿੱਚ ਅਜਿਹੇ ਬਹੁਤ ਸਾਰੇ ਲੋਕ ਹੋਣਗੇ ਜੋ ਆਪਣੇ ਕੰਮ ਦਾ ਮਾਣ ਉਸ ਪ੍ਰਮਾਤਮਾ ਨੂੰ ਦਿੰਦੇ ਹੋਣਗੇ। ਮੈਂ ਮੰਨਦਾ ਹਾਂ ਕਿ ਮੈਂ ਜੋ ਵੀ ਲਿਖਦਾ ਹਾਂ ਉਸ ਪ੍ਰਮਾਤਮਾ ਦੀ ਮਦਦ ਨਾਲ ਲਿਖਦਾ ਹਾਂ। ਉਹ ਸੱਚਾ ਪਾਤਸ਼ਾਹ ਮੇਰੇ ਕੋਲੋਂ ਸਭ ਕੁੱਝ ਲਿਖਵਾਈ ਜਾਂਦਾ ਹੈ।

ਅਸੀਂ ਚੱਲੀ ਜਾਂਦੇ ਹਾਂ ਵਕਤ ਦੇ ਨਾਲ-ਨਾਲ,
ਰੱਬ ਆਪੇ ਸਾਨੂੰ ਸਭ ਸਿਖਾਈ ਜਾਂਦਾ ਏ।
ਉਸ ਨੇ ਹੀ ਨਾਮ ਸਾਨੂੰ ਦਿੱਤਾ ਹੈ ਸ਼ਾਇਰ ਦਾ,
ਉਹ ਆਪ ਹੀ ਸਭ ਕੁੱਝ ਲਿਖਵਾਈ ਜਾਂਦਾ ਏ।
ਕਾਬਿਲ ਨਹੀਂਓ ਹੋਏ ਸ਼ਾਇਰੀ 'ਚ ਅਜੇ ਅਸੀਂ,
ਉਹ ਆਪ ਹੀ ਇਜ਼ਤਾਂ ਵਧਾਈ ਜਾਂਦਾ ਏ।
'ਵੀਰ' ਸਿੱਖ ਗਿਆ ਗ਼ਮਾਂ ਨੂੰ ਗਲ ਲਾਉਣਾ,
ਤਾਹੀਂਓ ਪੀੜਾਂ 'ਚ ਬੈਠਾ ਵੀ ਮੁਸਕਰਾਈਂ ਜਾਂਦਾ ਏ।

ਮੇਰੇ ਪਰਿਵਾਰ ਦਾ ਮੈਨੂੰ ਪੂਰਾ ਸਹਿਯੋਗ ਦੇਣ ਲਈ ਅਤਿ ਧੰਨਵਾਦ ਹੈ।

ਪ੍ਰੋ: ਲਵਲੀਨ ਪ੍ਰਮਾਰ , ਪ੍ਰੋਫੈਸਰ ਇੰਗਲਿਸ਼ ਵਿਭਾਗ, ਸਰਕਾਰੀ ਕਾਲਜ, ਹੁਸ਼ਿਆਰਪੁਰ ਦਾ ਮੈਂ ਤਹਿ-ਦਿਲੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਸਹੀ ਰਸਤੇ ਤੇ ਚੱਲਣ ਲਈ ਪ੍ਰੇਰਿਤ ਕੀਤਾ ਤੇ ਮੇਰੀਆਂ ਕਵਿਤਾਵਾਂ ਦਾ ਅਧਿਐਨ ਕਰਕੇ ਆਪਣੇ ਵਿਚਾਰ ਪੇਸ਼ ਕੀਤੇ। ਮੇਰੀ ਇਸ ਪੁਸਤਕ ਨੂੰ ਨੇਪਰੇ ਚੜ੍ਹਾਉਣ ਲਈ ਉਹਨਾਂ ਪੂਰਾ ਸਹਿਯੋਗ ਦਿੱਤਾ।

ਡਾ. ਭੁਪਿੰਦਰ ਕੌਰ 'ਕਵਿਤਾ' , ਪ੍ਰੋਫੈਸਰ ਪੰਜਾਬੀ

Academy of the Punjab in North America: http://www.apnaorg.com

ਵਿਭਾਗ, ਸਰਕਾਰੀ ਕਾਲਜ, ਹੁਸ਼ਿਆਰਪੁਰ ਦਾ ਮੈਂ ਅਤਿ ਆਭਾਰੀ ਹਾਂ ਜਿਨ੍ਹਾਂ ਮੇਰੀ ਕਵਿਤਾ ਦੀ ਰੂਹ ਨੂੰ ਪੜਿਆ ਅਤੇ ਆਪਣੇ ਵਡਮੁੱਲੇ ਵਿਚਾਰ ਪੇਸ਼ ਕੀਤੇ। ਮੈਨੂੰ ਆਸ ਹੈ ਕਿ ਉਹ ਨਵੇਂ ਉਭਰਦੇ ਸ਼ਾਇਰਾਂ ਦੀ ਅਗਵਾਈ ਲਈ ਸਦਾ ਤਿਆਰ ਨੇ ।

ਮੈਂ ਆਪਣੇ ਅਧਿਆਪਕਾਂ ਅਤੇ ਦੋਸਤਾਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਹਰ ਕਦਮ ਤੇ ਮੈਨੂੰ ਸਹਿਯੋਗ ਦਿੱਤਾ।

ਮੇਰਾ ਪਹਿਲਾ ਕਾਵਿ-ਸੰਗ੍ਰਹਿ 'ਕੁੱਝ ਹਰਫ਼ ਤੇਰੇ ਨਾਮ' ਛਪ ਕੇ ਮੇਰੇ ਸੁਪਨਿਆਂ ਦੀ ਫੁੱਲਵਾੜੀ ਵਿੱਚ ਅਜੇ ਪਹਿਲਾ ਫੁੱਲ ਖਿੜਿਆ ਹੈ। ਜੇਕਰ ਪ੍ਰਮਾਤਮਾ ਦੀ ਕ੍ਰਿਪਾ ਹੁੰਦੀ ਰਹੀ ਤਾਂ ਅਜਿਹੇ ਅਨੇਕਾਂ ਫੁੱਲ ਖਿੜਦੇ ਰਹਿਣਗੇ।

ਅਕਤੂਬਰ, 2012 ਲਖਵੀਰ ਸਿੰਘ 'ਵੀਰ'

Academy of the Punjab in North America: http://www.apnaorg.com

# ਬੰਦਗੀ

ਹੇ ਖ਼ੁਦਾ!
ਮੇਰੇ ਮਨ ਦੀਆਂ ਰਾਹਾਂ 'ਤੇ
ਤੇਰੀ ਬੰਦਗੀ ਲਈ
ਜਦ ਮੇਰੇ ਸਵਾਸ ਚੱਲਦੇ ਨੇ
ਕੋਈ ਸ਼ਖਸ ਇਹਨਾਂ ਨੂੰ ਹੋਰ ਲੀਹੇ
ਪਾ ਜਾਂਦਾ ਏ।
ਗੁਨਹਗਾਰ ਜਾਪਾਂ ਮੈਂ
ਤੇਰੀਆਂ ਨਜ਼ਰਾਂ 'ਚ
ਕੀ ਹੋਇਆ ਏ ਦਿਲ ਮੇਰੇ ਨੂੰ
ਜੋ ਬੰਦਗੀ ਜਹੀ ਸੌਗਾਤ
ਇੱਕ ਸ਼ਖਸ ਲਈ
ਠੁਕਰਾਈ ਫਿਰਦਾ ਏ।
ਇਹਨੂੰ ਦਿਸਦੇ ਨੇ ਰਾਹਾਂ 'ਚ ਰੋੜੇ
ਫਿਰ ਵੀ ਜਾਣ ਬੁੱਝ ਕੇ
ਠੋਕਰਾਂ ਖਾਈ ਗਿਰਦਾ ਏ।
ਅੱਜ ਐਸੀ ਮੰਗਾਂ ਖ਼ੁਦਾ ਸੌਗਾਤ ਤੈਥੋਂ,
ਉਹ ਸ਼ਖਸ ਕੀ ਮੈਂ
ਦੁਨੀਆਂ ਨੂੰ ਭੁੱਲ ਜਾਵਾਂ
ਜਿੰਨ੍ਹਾਂ ਰਾਹਾਂ ਨੇ ਕੀਤਾ ਬਦਨਾਮ ਮੈਨੂੰ।
ਉਹਨਾਂ ਰਾਹਾਂ 'ਤੇ
ਮੁੜ ਪੈਰ ਨਾ ਪਾਵਾਂ
ਯਾਦਾਂ ਦੀ ਸੁਗੰਧੀ
ਜੋ ਸੀਨੇ ਮਹਿਕ ਰਹੀ ਏ

Academy of the Punjab in North America: http://www.apnaorg.com

ਕੁਸੈਲੀ ਬਣ ਸੀਨਾ ਛਾਣ ਦਵੇ,
ਹਰ ਸਾਹ ਮੇਰਾ ਉਸਨੂੰ ਬੇਵਫ਼ਾ ਕਵ੍ਹੇ,
ਫਿਰ
ਹੇ ਖ਼ੁਦਾ ਤੇਰੇ ਨਾਮ ਦੀ ਸੁਗੰਧੀ
ਮੇਰਾ ਰੋਮ-ਰੋਮ ਮਹਿਕਾ ਦਵੇ,
ਹਰ ਸਾਹ ਮੇਰਾ
ਤੇਰੀ ਬੰਦਗੀ ਦੀ ਲੀਹ 'ਤੇ
ਰੁੜ੍ਹਦਾ ਜਾਵੇ ਤੁਰਦਾ ਜਾਵੇ।

Academy of the Punjab in North America: http://www.apnaorg.com

# ਕਲਮ ਦੀ ਮਜਬੂਰੀ

ਕੱਲ ਕਲਮ ਸਾਡੀ ਲਿਖਦੀ-2 ਰੁਕ ਗਈ,
ਕਹਿੰਦੀ ਕਿਵੇਂ ਲਿਖਾਂ ਤੇਰੇ ਦਿਲ ਦੇ ਦੁੱਖੜੇ ਨੂੰ।
ਬਣਾ ਛੱਡਿਆ ਜਿਸਨੇ ਫ਼ਕੀਰ ਤੈਨੂੰ,
ਭੁੱਲ ਕਿਉਂ ਨੀ ਜਾਂਦਾ ਉਸ ਮੁੱਖੜੇ ਨੂੰ।

ਕਈ ਮਣਾਂ ਹੈ ਦੁੱਖਾਂ ਦਾ ਭਾਰ ਤੇਰਾ,
ਮੈਂ ਲਿਖਦੀ-ਲਿਖਦੀ ਨੇ ਝੁੱਕ ਜਾਣਾ।
ਭਾਰ ਹੇਠ ਦੱਬੇ ਜਾਣਗੇ ਕਾਗਜ਼ ਸਾਰੇ,
ਸਿਆਹੀ ਮੇਰੀ ਨੇ ਨਾਲੇ ਮੁੱਕ ਜਾਣਾ।

ਮੈਂ ਲਿਖਦੀ ਨਾ ਕਦੇ ਹਾਲ ਤੇਰਾ,
ਜੇ ਮੇਰਾ ਕੋਈ ਵੱਖਰਾ ਸ਼ਹਿਰ ਹੁੰਦਾ।
ਝੁੱਕਦੀ ਨਾ ਤੇਰੇ ਦੁੱਖਾਂ ਦੇ ਬੋਝ ਹੇਠ,
ਪੀਣਾ ਪੈਂਦਾ ਚਾਹੇ ਮੈਨੂੰ ਜ਼ਹਿਰ ਹੁੰਦਾ।

ਇਹ ਸੁਣ ਹੋ ਗਿਆ ਖਾਮੋਸ਼ 'ਵੀਰ'
ਨਾ ਅੱਗਿਓ ਉਸ ਨੂੰ ਟੋਕ ਸਕਿਆ।
ਵਰ੍ਹਿਆਂ ਪਿੱਛੋਂ ਹੜ੍ਹ ਅੱਖੀਆਂ ਦਾ,
ਚਾਹੁੰਦਿਆਂ ਵੀ ਨਾ ਰੋਕ ਸਕਿਆ।

ਚੁੱਪ ਤੋੜ ਪੁੱਛਿਆ ਕਲਮ ਕੋਲੋਂ,
ਹੁਣ ਤੂੰ ਵੀ ਸਾਥੋਂ ਰਿਸ਼ਤਾ ਤੋੜ ਲਿਆ।
ਕਿਵੇਂ ਕਰਾਂਗੇ ਹਾਲ ਦਿਲ ਦਾ ਬਿਆਨ ਅਸਾਂ,
ਜਦ ਤੂੰ ਵੀ ਮੁੱਖ ਸਾਡੇ ਤੋਂ ਮੋੜ ਲਿਆ।

Academy of the Punjab in North America: http://www.apnaorg.com

# ਗੁਮਨਾਮ

ਇੱਕ ਆਮ ਰੂਹ
ਜਿਸਨੇ ਇਸ ਆਮ
ਦੁਨੀਆਂ 'ਚ ਜਨਮ ਲਿਆ,
ਕੀ ਪਤਾ ਸੀ ਉਸ ਰੂਹ ਨੂੰ
ਰਸਮ ਜਦ ਓਹਦੇ ਨਾਮ ਦੀ ਹੋਈ
ਕੀ ਧਰਮ ਹੈ ਓਹਦਾ?
ਕੀ ਜਾਤ ਹੈ ਓਹਦੀ?
ਕਿਹੜੀਆਂ ਲੜੀਆਂ 'ਚ ਗਈ ਪ੍ਰੋਈ?
ਪਰ ਅਸਲ ਰੂਹ ਗੁਮਨਾਮ ਹੈ।

ਇਹ ਲੋਕੀਂ ਕੌਣ ਨੇ
ਜੋ ਆਪਣੇ ਰੰਗ ਵਿੱਚ ਰੰਗਦੇ ਨੇ?
ਪੱਲੇ ਪਾ ਪੀੜ ਹਿਜਰ ਦੀ
ਮੁੱਖੋਂ ਖੁਸ਼ੀਆਂ ਤੇਰੇ ਲਈ ਮੰਗਦੇ ਨੇ।
ਇਹ ਓਹੀ ਨੇ ਲੋਕੀਂ
ਪਹਿਲਾਂ ਨਾਮ ਦੇ ਰੱਬ ਦਾ
ਫਿਰ ਆਪ ਹੀ ਸੂਲੀ ਟੰਗਦੇ ਨੇ
ਜਿਸਮਾਂ ਨੂੰ ਸੂਲੀ ਚਾੜ੍ਹਨ ਵਾਲਿਓ
ਪਰ ਰੂਹ ਤਾਂ ਅਜ਼ਾਦ ਹੈ।
ਜੇ ਕੋਈ ਰੋਕ ਸਕਦਾ ਹੈ
ਰੋਕ ਲਵੇ ਜਦ ਢਲਦੀ ਕੋਈ ਸ਼ਾਮ ਹੈ
ਪਰ ਅਸਲ ਰੂਹ ਗੁਮਨਾਮ ਹੈ।

ਰਚਨਹਾਰ ਏਸ ਦੁਨੀਆਂ ਦਾ
ਅੱਜ ਵੀ ਇੱਕ ਹੈ

Academy of the Punjab in North America: http://www.apnaorg.com

ਪਰ ਇਹ ਦੁਨੀਆਂ ਹੀ
ਲੱਖਾਂ ਟੁਕੜਿਆਂ 'ਚ ਵੰਡੀ ਗਈ,
ਵੇਖ ਪਹਿਰਾਵਾ
ਲੋਕੀਂ ਫਰਕ ਸਮਝ ਲੈਂਦੇ ਨੇ,
ਰੂਹਾਂ ਦੇ ਪਿਆਰੇ
ਅਕਸਰ ਪੀੜਾਂ ਸਹਿੰਦੇ ਨੇ।
ਇਹ ਕਿਉਂ ਨਹੀ ਕੋਈ ਸਮਝ ਰਿਹਾ
ਸਾਰੀ ਦੁਨੀਆਂ ਦੀ ਉਤਪੱਤੀ
ਸਾਂਝੀਆਂ ਵਸਤਾਂ ਤੋਂ ਹੋਈ ਹੈ,
ਜਿਸਮ ਏਹੋ ਮਿੱਟੀ ਵਿੱਚ ਮਿਲ ਜਾਣਾ
ਪਰ ਰੂਹ ਕਦ ਕਰਦੀ ਅਰਾਮ ਹੈ
ਪਰ ਅਸਲ ਰੂਹ ਗੁਮਨਾਮ ਹੈ।

ਰੂਹ ਨੂੰ ਕੋਈ ਫਰਕ ਨਾ ਪੈਂਦਾ
ਉਸਦੀ ਕੀ ਜਾਤ ਹੈ,
ਕੀ ਧਰਮ ਹੈ,
ਕੀ ਨਾਮ ਹੈ,
ਕੀ ਪਹਿਰਾਵਾ ਹੈ,
ਕੀ ਰੂਪ ਹੈ,
ਰੂਹ ਤਾ ਇੱਕ ਚਿੱਟੀ ਚਾਦਰ ਹੈ।
ਜਿਹੜੇ ਰੰਗ 'ਚ ਰੰਗ ਲਈਏ,
ਉਹ ਓਹਦੇ ਹੀ ਗੁਣ ਗਾਉਂਦੀ ਏ
ਪਾਨ ਕਿਸੇ ਜਦ ਚੜ੍ਹ ਜਾਂਦੀ ਏ,
ਉਹ ਹੋਰਾਂ ਨੂੰ ਫਿਰ ਠੁਕਰਾਉਂਦੀ ਏ,
ਪ੍ਰਮਾਤਮਾ ਵੀ ਇੱਕ ਅਜਿਹੀ ਰੂਹ ਹੈ
ਬਿਆਨ ਬਿਖਮ ਜਿਹਦਾ ਨਾਮ ਹੈ
ਅਸਲ ਰੂਹ ਅੱਜ ਵੀ ਗੁਮਨਾਮ ਹੈ।

Academy of the Punjab in North America: http://www.apnaorg.com

# ਹਰਫ਼ਾਂ ਦੀ ਬਗਾਵਤ

ਅੱਜ ਹਰਫ਼ ਸਾਰੇ
ਰਲ ਬਗਾਵਤ ਕਰ ਬੈਠੇ
ਕਹਿਣ ਲੱਗੇ,
'ਇਹ ਕੀ ਰੋਜ਼
ਹੰਝੂਆਂ ਦੀ ਸੇਜ
ਸਜਾਉਂਦਾ ਏਂ
ਕਦੇ ਕਿਸੇ ਲਈ
ਲਿਖ ਗੀਤ
ਮੌਤ ਦਾ ਗਾਉਂਦਾ ਏ।
ਲਿਖ-ਲਿਖ ਤੇਰਾ
ਦਰਦ ਅਸਾਂ ਹੰਝੂਆਂ ਨਾਲ
ਪਾਈ ਯਾਰੀ ਏ,
ਉਹ ਹਰਫ਼ਾਂ ਦੇ ਹੰਝੂ ਨੇ
ਜੋ ਤੇਰੀ ਤਨਹਾਈ ਏ
ਦਰਦ ਲਿਖਣ ਵਾਲਾ
ਅਜੇ ਤੂੰ
ਨਵਾਂ ਚਿਹਰਾ ਏ।
ਸਾਨੂੰ ਦਰਦ ਸਹਿੰਦਿਆਂ ਨੂੰ
ਇੱਕੀਵੀਂ ਸਦੀ ਆਈ ਏ,
ਨਾ ਲਿਖ ਹੋਰ ਦਰਦ
ਸਾਨੂੰ ਜੋੜ-ਜੋੜ
ਭਲਾ ਮੌਤ ਸਿਵਾ
ਤੈਨੂੰ ਮਿਲਣਾ ਕੀ ਹੈ
ਹੰਝੂਆਂ 'ਚ
ਸਾਨੂੰ ਰੋੜ੍ਹ-ਰੋੜ੍ਹ?'

Academy of the Punjab in North America: http://www.apnaorg.com

ਬਿਆਨ ਸੁਣ ਹਰਫ਼ਾਂ ਦੇ
ਦਿਲ ਕਹਿਣ ਲੱਗਾ,
'ਜਿੰਨ੍ਹਾਂ ਹਰਫ਼ਾਂ ਨਾਲ
ਮੈਂ ਆਪਣਾ ਹਾਲ
ਲਿਖਦਾ ਰਿਹਾ
ਅੱਜ ਉਹ ਹਰਫ਼
ਆਪਣਾ ਹਾਲ
ਸੁਣਾਉਂਦੇ ਨੇ।
ਦਿਲ ਮੇਰੇ ਨੂੰ
ਇੰਝ ਲੱਗ ਰਿਹਾ
ਲਿਖ-ਲਿਖ ਦਰਦ ਮੇਰਾ
ਇਹ ਹਰਫ਼ ਪਏ
ਪਛਤਾਉਂਦੇ ਨੇ।

ਇਹ ਸਾਡੀ ਵੀ
ਮਜਬੂਰੀ ਏ
ਭਲਾ ਦਰਦ ਕਿਹਨੂੰ
ਭਾਉਂਦੇ ਨੇ?
ਜੇ ਤੁਸਾਂ ਰੋਣਾ
ਸਿੱਖ ਗਏ ਹੋ
ਮੈਂ ਵੀ ਤਾਂ
ਨਮ ਅੱਖੀਆਂ ਨਾਲ
ਲਿਖਦਾ ਹਾਂ।
ਜੇ ਤੁਸਾਂ ਜ਼ਿੰਦਗੀ
ਨੂੰ ਚਾਹੁੰਦੇ ਹੋ
ਮੈਂ ਵੀ ਆਸ
ਜਿਊਣ ਦੀ ਸਿੱਖਦਾ ਹਾਂ।'

Academy of the Punjab in North America: http://www.apnaorg.com

ਅੱਜ ਹਰਫ਼ ਮੈਨੂੰ
ਦਰਦ ਲਿਖਣੋਂ
ਰੋਕ ਰਹੇ ਨੇ
ਕੱਲ੍ਹ ਕਲਮ ਦੀ
ਮਜਬੂਰੀ ਸੀ
ਤੁਸਾਂ ਅੱਜ ਬਗਾਵਤ
ਕਿਉਂ ਕੀਤੀ
ਅਜੇ ਨਜ਼ਮ ਮੇਰੀ
ਅਧੂਰੀ ਸੀ
ਚੱਲੋ ਠੀਕ ਹੈ
ਮੇਰੀ ਕਲਮ ਨਾਲੋ
ਜੇ ਵੱਖ ਹੋਣਾ ਏ
ਰੱਬ ਕੋਲੋਂ
ਮੇਰੇ ਸਾਹਾਂ ਨੂੰ
ਰੁਕਵਾ ਦਵੋ
ਮੇਰੇ ਹੱਥੋਂ ਕਲਮ
ਛੁਡਾ ਦਵੋ
ਤਾਂ ਜੋ
ਮੇਰੀ ਕਲਮ
ਕਾਗਜ਼ ਤੇ ਚੱਲਣੋਂ
ਰੁੱਕ ਜਾਵੇ
ਤੇ ਸਾਥ ਮੇਰਾ
ਜ਼ਿੰਦਗੀ ਨਾਲੋਂ ਵੀ
ਟੁੱਟ ਜਾਵੇ।

Academy of the Punjab in North America: http://www.apnaorg.com

# ਬਨਵਾਸੀ

ਟੁੱਟੇ ਦਿਲ ਦਾ ਹਾਲ
ਸੁਣਦਾ ਕੋਈ-ਕੋਈ,
ਉਲਝੇ ਹੋਏ ਤੰਦਾਂ ਨੂੰ
ਚੁਣਦਾ ਕੋਈ-ਕੋਈ।

ਟੁੱਟਣਾ ਤਾਂ
ਦਸਤੂਰ ਏ ਦਿਲ ਦਾ,
ਪਰ ਟੁੱਟ ਕੇ
ਜੁੜਦਾ ਕੋਈ-ਕੋਈ।

ਧਾਗੇ ਪਿਆਰ ਦੇ
ਬੜੇ ਕੋਮਲ ਨੇ ਯਾਰੋ,
ਇਹ ਤਾ
ਬੁਣਦਾ ਕੋਈ-ਕੋਈ।

ਹਰ ਕੋਈ ਮੰਜ਼ਿਲ ਤੱਕਦਾ
ਆਪਣੇ ਮਕਸਦ ਲਈ,
ਪਰ ਉਜੜੇ ਰਾਹਾਂ ਤੇ
ਤੁਰਦਾ ਕੋਈ-ਕੋਈ।

ਵੈਸੇ ਤਾਂ ਬਨਵਾਸੀ
ਏਹੋ ਜੱਗ ਤੋਰੇ,
ਖ਼ੁਦ ਬਨਵਾਸੀ ਤੁਰਿਆ
ਮੁੜਦਾ ਕੋਈ-ਕੋਈ।

Academy of the Punjab in North America: http://www.apnaorg.com

# ਬੇਨਤੀ

ਨਾ ਫਰੋਲੋ ਅੱਲੇ ਜ਼ਖਮਾਂ ਨੂੰ ਯਾਰੋ,
ਮੈਨੂੰ ਇਕੱਲਾ ਰਹਿਣ ਦਿਓ।
ਔੜ ਪਈ ਸਦੀਆਂ ਤੋਂ ਸੀਨੇ,
ਮੀਂਹ ਹੰਝੂਆਂ ਦਾ ਪੈਣ ਦਿਓ।

ਦਰਦ ਕਹਾਣੀ ਉਮਰੋਂ ਲੰਮੀ,
ਹੈ ਪਾਤਰ ਵੀ ਇਹਦਾ ਬੌਰਾਨਾ।
ਕੀ ਕਰੋਗੇ ਮੇਰੇ ਸੁਣ ਕੇ ਦੁੱਖੜੇ,
ਪੀੜਾਂ ਪੱਥਰ ਬਣ ਸਹਿਣ ਦਿਓ।

ਚੜ੍ਹੀ ਜਵਾਨੀ ਯਾਰੀ ਮੌਤ ਨਾਲ,
ਲਿਖਿਆ ਵਿੱਚ ਤਕਦੀਰ ਮੇਰੀ।
ਅਵਾਰਾ ਫਿਰਦੇ ਸੁੰਨੀਆਂ ਗਲੀਆਂ 'ਚ,
ਮੈਨੂੰ ਪਾਗ਼ਲ ਕਹਿਣ ਦਿਓ।

ਹੋਇਓ ਜਵਾਨ ਪੀ ਖ਼ੂਨ ਜਿਗਰ ਦਾ,
ਹੋ ਹਾਸਾ ਹਿੱਕ ਤੇ ਜੜ੍ਹਿਆ ਏ।
ਹੇਠ ਆ ਦਮ ਨਿੱਕਲੇ ਜਿਹਦੇ,
ਪਹਾੜ ਪੀੜਾਂ ਦਾ ਢਹਿਣ ਦਿਓ।

ਗ਼ਮਾਂ 'ਚ ਘਿਰੇ ਚਾਅ ਕੁਆਰਿਆਂ ਦੀ,
ਗਵਾਹੀ ਭਰਦੇ ਨੇ ਗੀਤ ਮੇਰੇ।
'ਵੀਰ' ਨਾਮ ਦਾ ਤਾਰਾ,
ਅੱਜ ਅੰਬਰੋਂ ਲਹਿਣ ਦਿਓ।
ਤੇ ਮੈਨੂੰ ਇਕੱਲਾ ਰਹਿਣ ਦਿਓ।

Academy of the Punjab in North America: http://www.apnaorg.com

# ਵਾਪਸੀ

ਦਿਲ ਦਾ ਪੰਛੀ ਭੁੱਲਿਆ ਫਿਰੇ,
ਮੁੜ ਆਸ਼ਿਆਨੇ ਵਾਪਸੀ ਚਾਹਵੇ ਨੀ।
ਲੈਂਦਾ ਨਾ ਕੋਈ ਸਾਰ ਏਸ ਦੀ,
ਘੁੰਮਦਾ ਰਾਹਾਂ ਚ ਠੋਕਰਾਂ ਖਾਵੇ ਨੀ।

ਚਿਰਾਂ ਤੋਂ ਨਾ ਚੰਨ ਚੜ੍ਹਿਆ ਵੇਹੜੇ,
ਗੀਤ ਫ਼ਰਾਕ ਦੇ ਏਹੋ ਗਾਵੇ ਨੀ।
ਚੀਰੇ ਸੀਨਾ ਪੌਣ ਪੁਰੇ ਦੀ,
ਜਦ ਕਾਲੀ ਚਾਦਰ ਸੂਰਜ ਛਾਵੇ ਨੀ।

ਰੱਬਾ! ਕੌਣ ਸਹਾਰਾ ਬਣੇ ਏਸ ਦਾ,
ਹਰ ਵੇਦਨ ਪੱਲੇ ਪਾਵੇ ਨੀ।
ਸ਼ਾਇਦ ਰੱਬ ਵੀ ਰਚਨਾ ਭੁੱਲਿਆ ਓਸ,
ਜਿਹੜਾ ਸਾਡੇ ਤੇ ਹੱਕ ਜਤਾਵੇ ਨੀ।

ਦਿਲ ਚਾਹਵੇ ਕੋਈ ਆਪਣਾ ਮਿਲ ਜੇ,
ਜਿਹੜਾ ਸਾਨੂੰ ਆਣ ਮਨਾਵੇ ਨੀ।
ਰਾਹਾਂ ਵਿੱਚ ਸਾਡੇ ਚੋਗ ਖਿਲਾਰੇ,
ਸਾਨੂੰ ਮੰਜ਼ਿਲ ਤੀਕ ਪਹੁੰਚਾਵੇ ਨੀ।

Academy of the Punjab in North America: http://www.apnaorg.com

ਖ਼ੁਦ ਨੂੰ ਏਹੋ ਸਾਲਕ ਦੱਸਦਾ,
ਅੱਜ ਰੁਠੜ੍ਹਾ ਯਾਰ ਮਨਾਵੇ ਨੀ।
ਹੋਰਨਾਂ ਵਸਿਆ ਦੇਖ ਆਸ਼ਿਆਨਾ,
ਹੜ੍ਹ ਨਦੀਆਂ 'ਚ ਆਵੇ ਨੀ।

ਸੱਜਣ ਰੋਲ ਗਏ ਕੱਖਾਂ 'ਚ ਸਾਨੂੰ,
ਜਿਵੇਂ ਲੈ ਰਸਾ ਭੌਰ ਉੱਡ ਜਾਵੇ ਨੀ।
ਸਾਰੇ ਫੱਟ ਉਮਰਾਂ ਦੇ ਪੱਲੇ ਪਾ ਤੁਰੇ,
ਹੁਣ ਮੱਲ੍ਹਮ ਕਿਹੜਾ ਲਾਵੇ ਨੀ।

ਜ਼ਿੰਦਗੀ ਵੀ ਸਾਨੂੰ ਹੁਣ ਔਗਤ ਲੱਗੇ,
ਕਿਹੜਾ ਰੋਜ਼ ਹੰਝੂਆਂ ਦਾ ਪੁੱਲ ਬਣਾਵੇ ਨੀ।
ਸਾਹ ਵੀ ਲੈਣਾ ਹੁਣ ਔਖਾ ਹੋ ਚੱਲਿਆ,
ਕੋਈ ਚਾਦਰ ਗ਼ਮਾਂ ਦੀ ਹਟਾਵੇ ਨੀ।

ਦਿਲ ਦਾ ਪੰਛੀ ਭੁੱਲਿਆ ਫਿਰੇ,
ਮੁੜ ਆਸ਼ਿਆਨੇ ਵਾਪਸੀ ਚਾਹਵੇ ਨੀ।
ਲੈਂਦਾ ਨਾ ਕੋਈ ਸਾਰ ਏਸ ਦੀ,
ਘੁੰਮਦਾ ਰਾਹਾਂ 'ਚ ਠੋਕਰਾਂ ਖਾਵੇ ਨੀ।

Academy of the Punjab in North America: http://www.apnaorg.com

# ਚੰਨ ਬੱਦਲੀ ਓਹਲੇ

ਹਿਜਰਾਂ ਤੀਕ ਜਾ ਪਹੁੰਚਾ ਵੇ,
ਜ਼ਖਮ ਇਸ਼ਕੇ ਦਾ ਰਿਸਦਾ-ਰਿਸਦਾ।
ਜਿੰਦੜੀ ਬਿਤਾਵਾਂ ਵੇਖ ਤਾਰਿਆਂ ਨੂੰ,
ਕਿਧਰੇ ਵੀ ਚੰਨ ਰਤੜਾ ਨਾ ਦਿਸਦਾ।

ਕੋਈ ਆਸ ਨਹੀਂ ਕਿਨਾਰੇ ਦੀ,
ਅਸਾਂ ਹੰਝੂਆਂ 'ਚ ਤ੍ਰਿਸ਼ਨਾ ਡਬੋਈਆਂ।
ਪਕ ਗਏ ਨੇ ਆਖਰ ਫਲ ਹਿਜਰਾਂ ਦੇ,
ਪੀੜਾਂ ਦੀਆਂ ਜੋ ਬੀਜਾਂ ਬੋਈਆਂ।
ਥੰਮਣ ਨਾ ਕਣੀਆਂ ਸਉਣ ਦੀਆਂ,
ਇੰਤਜ਼ਾਰ ਦੇ ਪੁੜਾਂ 'ਚ ਜਾਵਾਂ ਪਿਸਦਾ।
ਹਿਜਰਾਂ ਤੀਕ ਜਾ ਪਹੁੰਚਾ ਵੇ,
ਜ਼ਖਮ ਇਸ਼ਕੇ ਦਾ ਰਿਸਦਾ-ਰਿਸਦਾ।

ਕੱਖਾਂ ਦੀ ਕੁੱਲੀ ਤਨ ਬਣਿਆ ਵੇ,
ਜਿਹਦਾ ਢੁੱਕਦਾ ਨਾ ਕਿਤੇ ਬਸੇਰਾ ਏ।
ਡਰ ਦਿਲ ਨੂੰ ਭੌਰ ਉੱਡਣੇ ਦਾ,
ਰਾਖੀ ਕਰਦੇ ਤਨ ਨੂੰ ਖਾ ਗਿਆ ਹਨ੍ਹੇਰਾ ਏ।
ਤਨ ਵੀ ਗੈਰਾ ਜਿਹਾ ਵਿਵਹਾਰ ਕਰੇ,
ਕਰੇ ਰੂਹ ਵੀ ਵਿਸ਼ਵਾਸ ਹੁਣ ਕਿਸਦਾ।
ਹਿਜਰਾਂ ਤੀਕ ਜਾ ਪਹੁੰਚਾ ਵੇ,
ਜ਼ਖਮ ਇਸ਼ਕੇ ਦਾ ਰਿਸਦਾ-ਰਿਸਦਾ।

Academy of the Punjab in North America: http://www.apnaorg.com

ਸਾਨੂੰ ਜਿੰਦੜੀ ਮੁੱਕਦੀ ਲੱਗਦੀ ਏ,
ਰਤੜਾ ਨਾ ਫਿਰ ਵੀ ਪੀੜਾਂ ਮੋਈਆ।
ਮੈਂ ਬਉਰਾਨਾ ਆਖਰ ਹਾਂ ਕਰ ਬੈਠਾ,
ਦਰ ਅੱਗੇ ਜਦ ਪੀੜਾਂ ਆਣ ਖਲੋਈਆਂ।
ਕੀ ਜੀਣਾ ਸਿਖਾਉਂਦੇ ਹੋ ਦੁਨੀਆਂ ਵਾਲਿਓ,
ਭਰ ਪੀਅ ਲਿਆ ਪਿਆਲਾ ਅਸਾਂ ਵਿਸ਼ ਦਾ ।

ਹਿਜਰਾਂ ਤੀਕ ਜਾ ਪਹੁੰਚਾ ਵੇ,
ਜ਼ਖਮ ਇਸ਼ਕੇ ਦਾ ਰਿਸਦਾ-ਰਿਸਦਾ।
ਜਿੰਦੜੀ ਬਿਤਾਵਾਂ ਵੇਖ ਤਾਰਿਆਂ ਨੂੰ,
ਕਿਧਰੇ ਵੀ ਚੰਨ ਰਤੜਾ ਨਾ ਦਿਸਦਾ।

Academy of the Punjab in North America: http://www.apnaorg.com

# ਗ਼ਮਾਂ ਦੀ ਪਰਛਾਈ

ਨਿਤ ਹੋ-ਹੋ ਉਹਲੇ ਤੱਕਦੀ ਏ,
ਸਾਨੂੰ ਗ਼ਮਾਂ ਦੀ ਪਰਛਾਈ ਵੇ।
ਰਤਾ ਤੌਫ਼ੀਕ ਵੀ ਨਾ ਹੁਣ ਪੱਲੇ,
ਨਾ ਜਾ ਹੰਝੂਆਂ 'ਚ ਹੜ੍ਹਾਈ ਵੇ।

ਤੁਰ ਗਏ ਕਈ ਹਢਾਉਂਦੇ ਤੈਨੂੰ,
ਹੋਏ ਅਸਾਂ ਵਾਂਗ ਸ਼ੁਦਾਈ ਵੇ।
ਡੰਗ ਚਲਾਏ ਕਈ ਤੈਂ ਬੇਮੌਸਮੇ,
ਝੱਲਣੀ ਪਈ ਅਸਾਂ ਜੁਦਾਈ ਵੇ।

ਬੰਦ ਪਿੰਜਰੇ ਦੇ ਪੰਛੀ ਵਾਂਗਰਾ,
ਜਾਂਦੇ ਹਾਂ ਜਿੰਦ ਬਿਤਾਈ ਵੇ।
ਛੋਹ ਤੇਰੀ ਖਿੜਿਆ ਫੁੱਲ ਕੁਮਲਾਇਆ,
ਨਾਲੇ ਜਿਉਂਦਿਆ ਲਹਦ ਪੁਟਾਈ ਵੇ।

ਨਜ਼ਰਾਂ ਦੇ ਵਾਰ ਚੁੱਭਣ ਸੀਨੇ,
ਜਿਹੜੇ ਜਾਣ ਸੂਲੀ ਚੜ੍ਹਾਈ ਵੇ।
ਫਿਸਲੇ ਪੈਰ ਮੁੜ ਨਾ ਪਰਤੇ,
ਤੂੰ ਹੈਂ ਡੂੰਘੀ ਖਾਈ ਵੇ।

ਰਾਸ ਨਾ ਆਇਆ ਸਾਥ ਤੇਰਾ,
ਅਸਾਂ ਐਵੇਂ ਜਿੰਦ ਲੁਟਾਈ ਵੇ।
ਸੁਪਨਾ ਅਰਸ਼ਾਂ ਦਾ ਰਿਹਾ ਅਧੂਰਾ,
ਤੈਂ ਦੁਨੀਆਂ ਸਾਥੋਂ ਭੁਲਾਈ ਵੇ।

Academy of the Punjab in North America: http://www.apnaorg.com

ਭੁੱਲੇ ਪਿਆਰ ਦਾ ਗੀਤ ਅਸਾਂ,
ਐਸੀ ਸੁਣੀ ਗ਼ਮ-ਸ਼ਹਿਨਾਈ ਵੇ।
ਹੋਰਾਂ ਵਾਂਗ ਯਤਨ ਵੀ ਕੀਤੇ ਅਸਾਂ,
ਪਰ ਸਮਝੇ ਨਾ ਤੇਰੀ ਗਹਿਰਾਈ ਵੇ।

ਕੀ ਮਿਲਿਆ ਆਖਿਰ ਤੈਨੂੰ ?
ਐਵੇਂ ਕਰਕੇ ਯਾਰ ਸ਼ੁਦਾਈ ਵੇ।
ਲੋਕੀ ਮਰ ਕੇ ਖ਼ਾਕ ਨੇ ਬਣਦੇ,
ਤੈਂ ਸਾਡੀ ਐਵੇਂ ਖ਼ਾਕ ਬਣਾਈ ਵੇ।

Academy of the Punjab in North America: http://www.apnaorg.com

# ਪੀੜਾਂ ਭਰੀ ਸੌਗਾਤ

ਉਹ ਰਹੇ ਨਾ ਹੁਣ ਹਾਲਾਤ ਸੱਜਣਾਂ,
ਚੂਰ-ਚੂਰ ਹੋਏ ਜਜ਼ਬਾਤ ਸੱਜਣਾਂ,
ਸਾਡੀ ਮੌਤ ਹੀ ਚੰਗੀ ਬਣ ਜਾਵੇ,
ਜੇਕਰ ਹੋ ਜਾਵੇ ਮੁਲਾਕਾਤ ਸੱਜਣਾਂ।

ਤੜਫ਼ ਤੇਰੀ ਰਾਤ ਕਰੇ ਤਬਾਹ,
ਸਾਡੇ ਵਿਹੜੇ ਚੜ੍ਹੇ ਨਾ ਹੁਣ ਤੇਰੇ,
ਹੁਸਨ ਮਹਿਕ ਜਹੀ ਪ੍ਰਭਾਤ ਸੱਜਣਾਂ।

ਰਹਿ ਗਿਉਂ ਥੋੜ੍ਹਾ ਪੈਂਡਾ ਜ਼ਿੰਦਗੀ ਦਾ,
ਮੌਤ ਦੇ ਦਰ ਅੱਗੇ ਸਾਡੀ,
ਢੁਕਣ ਵਾਲੀ ਐ ਬਰਾਤ ਸੱਜਣਾਂ।

ਜ਼ਖਮ ਨਾ ਏਹੋ ਕਦੇ ਭਰਨਗੇ,
ਸੀਨਾ ਚੀਰ ਗਈ ਜੋ,
ਜੁਦਾਈ ਵਾਲੀ ਰਾਤ ਸੱਜਣਾਂ।

ਤੇਰਾ ਪਿਆਰ ਸਿਖਾ ਗਿਆ ਸਾਨੂੰ,
ਚਾਨਣ ਅੱਗੇ ਤਾਰਿਆਂ ਦੀ,
ਭਲਾ ਹੁੰਦੀ ਕੀ ਔਕਾਤ ਸੱਜਣਾਂ।

ਸਾਡੀਆਂ ਉਮਰ ਦੁਆਵਾਂ ਬਦਲੇ,
ਦੇ ਗਿਉਂ ਪੀੜਾਂ ਭਰੀ ਸੌਗਾਤ ਸੱਜਣਾਂ।
ਇਸ਼ਕ ਤੇਰੇ ਵਿੱਚ ਭਰ-ਭਰ ਹੌਕੇ,
'ਵੀਰ' ਹੋ ਗਿਉ ਸ਼ਾਂਤ ਸੱਜਣਾਂ।

Academy of the Punjab in North America: http://www.apnaorg.com

# ਇੱਕ ਗੀਤ ਮੌਤ ਦਾ

ਕੀ ਪਤਾ ਸੀ ਮੈਨੂੰ ਤੂੰ ਤੁਰ ਜਾਣਾ ਏ,
ਇੱਕ ਗੀਤ ਮੌਤ ਦਾ ਮੈਥੋਂ ਤੈਂ ਲਿਖਵਾਉਣਾ ਏ
ਕਰ ਸ਼ਿੰਗਾਰ ਗ਼ਮਾਂ ਦਾ ਮੈਨੂੰ,
ਕੱਖਾਂ ਦੀ ਡੋਲੀ ਬਿਠਾਉਣਾ ਏ।

ਏਸ ਗੀਤ ਵਿੱਚ ਪਾ ਕੀਰਨੇ,
ਮੈਂ ਲੋਕੀਂ ਗਾ ਸੁਣਾਉਣਾ ਏ।
ਮਸਾਂ ਉਸਰਿਆ ਮਹੱਲ ਚਾਵਾਂ ਦਾ,
ਖੁਦ ਮਿੱਟੀ 'ਚ ਮਿਲਾਉਣਾ ਏ।

ਮੱਠੀ-ਮੱਠੀ ਅੱਗ ਸੀਨੇ ਸੁਲਗੇ,
ਕੀ ਪਤਾ ਸੀ ਯਾਦਾਂ ਲਾਂਬੂ ਲਾਉਣਾ ਏ।
ਸਾਡੀ ਜ਼ਿੰਦਗੀ ਹੀ ਸਾਥੋਂ ਰੁੱਸ ਗਈ ਏ,
ਭਲਾ ਸਾਨੂੰ ਕਿਹਨੇ ਮਨਾਉਣਾ ਏ।

ਸੁੱਤਿਆਂ ਨੇ ਇੱਕ ਦਿਨ ਰਹਿ ਜਾਣਾ,
ਆਣ ਸਾਨੂੰ ਕਿਹਨੇ ਜਗਾਉਣਾ ਏ।
ਜੋ ਹੋਂਦ ਗਿਣੀ ਗਈ ਸਭ ਦੀ,
ਆਖਰ ਓਸ ਮਿੱਟੀ 'ਚ ਸਮਾਉਣਾ ਏ।

ਦੂਰ ਜਾ ਜਦ ਬਹਿ ਗਏ ਜੱਗ ਤੋਂ,
ਚਾਹੁਣ ਵਾਲਿਆਂ ਪਛਤਾਉਣਾ ਏ।
ਅਸਾਂ ਆਪ ਹੀ ਮੜ੍ਹੀਆਂ ਨੂੰ ਜਾ ਚੁਣਿਆ,
ਭਟਕੀਆਂ ਰੂਹਾਂ ਕੀ ਡਰਾਉਣਾ ਏ।

Academy of the Punjab in North America: http://www.apnaorg.com

ਜਿਉਂਦਿਆਂ ਨਾ ਕੋਈ ਹੋਇਆ ਤੇਰਾ,
ਪਿੱਛੋਂ ਕਫ਼ਨ ਵੀ ਕਿਹਨੇ ਪਾਉਣਾ ਏ।
ਮਰ ਕੇ ਵੀ ਨਾ ਦੁਨੀਆਂ ਹੋਊ ਤੇਰੀ,
ਤਨ ਨੂੰ ਕਿਥੇ ਜਾ ਦਫਨਾਉਣਾ ਏ।

ਜਿੱਤੀ ਬਾਜ਼ੀ ਅਸਾਂ ਖੁਦ ਹਾਰ ਗਏ,
ਸਾਨੂੰ ਏਹ ਦੁਨੀਆਂ ਕੀ ਹਰਾਉਣਾ ਏ।
ਰੱਬ ਦਾ ਲਿਖਿਆ ਹੋ ਕੇ ਰਹਿਣਾ,
ਅਸਾਂ ਹੱਸ-ਹੱਸ ਦਰਦ ਹੰਢਾਉਣਾ ਏ।

ਵੈਣ ਪਊ ਹਰ ਟੁੱਟੇ ਦਿਲ ਦੇ,
ਇਹ ਗੀਤ ਕਿਸੇ ਜਦ ਗਾਉਣਾ ਏ।
ਇਸ਼ਕ ਸਮੁੰਦਰੀਂ ਹਰ ਕੋਈ ਡੁੱਬਿਆ,
ਮੈਂ ਪਾਗਲ ਕਿੱਥੋਂ ਤਰ ਜਾਣਾ ਏ।

Academy of the Punjab in North America: http://www.apnaorg.com

# ਜੁਦਾਈ

ਹੁਣ ਕੌਣ ਕਰੂ ਕਦਰ ਮੇਰੇ ਗੀਤਾਂ ਦੀ,
ਪਈ ਇੰਨ੍ਹਾਂ ਨਾਲ ਪ੍ਰੀਤਾਂ ਦੀ ।
ਹਰ ਰਾਗ ਵੀ ਰੁੱਸਿਆ ਵੇ,
ਤਾਰ ਛਿੜੇ ਨਾ ਕੋਈ ਸੰਗੀਤਾਂ ਦੀ।

ਜਨਮਾਂ ਦੇ ਸੀ ਬੰਧਨ ਨਾਲ ਤੇਰੇ,
ਤੂੰ ਅੱਧ ਵਿਚਾਲੇ ਤੋੜ ਗਿਉਂ ।
ਮੇਰੇ ਲਈ ਉਮਰਾਂ ਦੀ ਜੋ ਖੈਰ ਮੰਗੀ,
ਕਿੱਥੇ ਗਈ ਓਹ ਅਸੀਸ ਤਵੀਤਾਂ ਦੀ।

ਏਸ ਜੱਗ ਤੋ ਵੱਖਰਾ ਹੋ ਕੇ ਮੈਂ,
ਸੁਪਨੇ ਤੇਰੇ ਲਈ ਸਜਾਏ ਸੀ।
ਸਾਥੋਂ ਤੂੰ ਤੇ ਸਾਰਾ ਜੱਗ ਰੁੱਸਿਆ,
ਹਿਸਾਬ ਦਿਆਂ ਕਿੰਝ ਟੁੱਟੀਆਂ ਰੀਤਾਂ ਦੀ।

ਇੱਕ-ਇੱਕ ਬੋਲ ਗੀਤਾਂ ਦੇ ਸੁਣਦਾ ਸੈਂ,
ਤੇਰੇ ਪਿੱਛੋਂ ਜ਼ੁਬਾਨ ਰੁੱਸ ਕੇ ਬਹਿ ਗਈ।
ਨਾ ਕੋਈ ਗੀਤ ਬਣੇ ਨਾ ਗਾਵਾਂ ਮੈਂ,
ਯਾਦ ਰਹਿ ਗਈ ਬਸ ਅਤੀਤਾਂ ਦੀ।

Academy of the Punjab in North America: http://www.apnaorg.com

ਨੈਣ ਮੀਚਾਂ ਚਿਹਰਾ ਨਜ਼ਰ ਆਵੇ,
ਦਿਲ ਕਰੇ ਨੈਣ ਸਦਾ ਲਈ ਮੀਚ ਲਵਾਂ।
ਪਰ ਦਿਲ ਵੀ ਥੋੜਾ ਦਹਿਲ ਰਿਹਾ,
ਕੌਣ ਭਰੂ ਗਵਾਹੀ ਅਸਲੀਅਤਾਂ ਦੀ।

ਕੋਈ ਆਸ ਨਾ ਤੇਰੇ ਮਿਲਣੇ ਦੀ,
'ਵੀਰ' ਬੈਠਾ ਫਿਰ ਵੀ ਇੰਤਜ਼ਾਰ ਕਰੇ।
ਚਾਅ ਜਿਹਦੇ ਨਿੱਤ-ਨਿੱਤ ਪੌੜੀ ਚੜ੍ਹਦੇ ਨੇ,
ਕੱਟ ਲਵਾਂਗੇ ਵਾਂਗਰ ਸਰੀਤਾ ਦੀ।

Academy of the Punjab in North America: http://www.apnaorg.com

# ਖ਼ੂਨ ਬਦਲੇ ਖ਼ੂਨ

ਐਸੀ ਦਾਸਤਾਨ ਮੈਂ ਲਿਖਣ ਲੱਗਾ,
ਜਿਸ ਨੂੰ ਸੁਣ ਕੇ ਸੀਨੇ 'ਚ ਦਰਦ ਹੋਣਾ।
ਯਾਦ ਆਊ ਨਾਲੇ ਧੀ ਆਪਣੀ ਦੀ,
ਨਾਲੇ ਅੱਖੀਆਂ 'ਚੋਂ ਨੀਰ ਚੋਣਾ।

ਪਾ ਸੂਹਾ ਚੂੜਾ ਲਾ ਮਹਿੰਦੀ ,
ਮਾਪੇ ਧੀ ਨੂੰ ਸਹੁਰੇ ਤੋਰ ਦਿੰਦੇ।
ਹਿੱਸਾ ਜਿਗਰ ਦਾ ਮਾਪੇ ਪਾ ਝੋਲੀ,
ਦੂਜੇ ਪਰਿਵਾਰ ਨਾਲ ਰਿਸ਼ਤਾ ਜੋੜ ਦਿੰਦੇ।

ਜੋ ਸਰਿਆ ਨਾਲ ਦਾਜ ਦਿੰਦੇ,
ਨਾਲੇ ਸੁੱਖ ਪਰਿਵਾਰ ਦੀ ਮੰਗਦੇ ਨੇ।
ਪਲ ਹੀ ਮਿਲਣ ਦੀ ਤਾਂਘ ਹੁੰਦੀ,
ਜਦੋਂ ਕਦੇ ਉਸ ਕੋਲ ਦੀ ਲੰਘਦੇ ਨੇ।

ਮਾਲਕ ਦੇ ਹੁਕਮ ਨਾਲ ਹੀ ਜੋੜ ਬਣਦੇ,
ਨਾਲੇ ਪਿਆਰ ਸਦਾ ਲਈ ਪੈ ਜਾਂਦਾ।
ਉਸ ਪਲ ਹੀ ਦਿਲ ਤੇ ਸੱਟ ਵੱਜਦੀ ,
ਜਦ ਗੁੱਝੀ ਗੱਲ ਕੋਈ ਕਹਿ ਜਾਂਦਾ।

ਚੰਨਾਂ ਨਾਲੋ ਚੰਨ ਸੋਹਣਾ,
ਜਿਹੜਾ ਲੱਭਿਆ ਜਵਾਈ ਸੀ,

Academy of the Punjab in North America: http://www.apnaorg.com

ਉਦੋਂ ਪਤਾ ਲੱਗਾ,
ਜਦ ਬਣ ਗਿਆ ਕਸਾਈ ਸੀ।
ਮਾਪਿਆਂ ਤੋਂ ਦਾਜ ਮੰਗਣ,
ਮੂੰਹ ਪੂਰੇ ਖੁੱਲ੍ਹ ਗਏ।
ਪਹਿਲਾਂ ਦਿੱਤਾ ਦਾਜ ਜਿਹੜਾ,
ਉਹ ਸਭ ਭੁੱਲ ਗਏ।
ਤਿੰਨ-ਤਿੰਨ ਗੱਡੀਆਂ ਸੀ,
ਦਾਜ ਵਿੱਚ ਦਿੱਤੀਆਂ।
ਨਾਲੇ ਮੀਟ ਮਸਾਲੇ ਖਾਧੇ,
ਨਾਲੇ ਬੋਤਲਾਂ ਸੀ ਪੀਤੀਆਂ।

ਹੁਣ ਹੋਰ ਦਾਜ ਕਿੱਥੋਂ ਆਊ,
ਮਾਪੇ ਜਾ ਕੇ ਆਖਦੇ।
ਕਹਿੰਦੇ ਹੋਰ ਦਾਜ ਦੇਣਾ ਪਊ,
ਇਹ ਸਾਰੇ ਕੰਮ ਬਾਪ ਦੇ।

ਕੁੱਟ ਮਾਰ ਕਰ ਧੀ ਤਾਂਈ,
ਘਰ ਮਾਪਿਆਂ ਦੇ ਸੁੱਟ ਗਏ।
ਚੁੱਕ ਮਾਪੇ ਧੀ ਜਦ ਸ਼ਹਿਰ ਵੱਲ ਤੁਰ ਪਏ,
ਜਾਂਦੇ-ਜਾਂਦੇ ਸਾਹ ਰਾਹ ਵਿੱਚ ਮੁੱਕ ਗਏ।

ਭਾਜੀ ਦਿੱਤੀ ਸੀ ਜੋ ਸਹੁਰਿਆਂ,
ਲੜਕੀ ਦੇ ਬਾਪ ਤਾਂਈ ।
ਮੋੜੀ ਜਾਣੀ ਹੈ ਉਹ ਅੱਜ,
ਆਖਰ ਪੂਰੇ ਤੋਲ ਨਾਪ ਤਾਂਈ ।

Academy of the Punjab in North America: http://www.apnaorg.com

ਬਾਪ ਬਾਰਾਂ ਬੋਰ ਦੀ ਗੰਨ ਲੈ ਸੁਸਰਾਲ ਪੁੱਜਾ,
ਲਾਲ ਅੱਖੀਆਂ ਨੇ ਪਰਿਵਾਰ ਦਾ ਖ਼ੂਨ ਸਾੜ ਦਿੱਤਾ।
ਤਾੜ੍ਹ-ਤਾੜ੍ਹ ਕਰਕੇ ਮਾਰੀਆਂ ਗੋਲੀਆਂ ਵਿੱਚ ਸੀਨੇ,
ਇੱਕ-ਇੱਕ ਕਰਕੇ ਸਭ ਨੂੰ ਮਾਰ ਦਿੱਤਾ।

ਭਾਜੀ ਦਿੱਤੀ ਸੀ ਜਿਹੜੀ ਧੀ ਦੇ ਸਹੁਰਿਆਂ ਨੇ,
ਸੂਦ ਸਮੇਤ ਉਹ ਅੱਜ ਮੋੜ ਦਿੱਤੀ।
ਰਿਸ਼ਤੇਦਾਰੀ ਬਣੀ ਸੀ ਜੋ ਪਿਆਰ ਦੇ ਬੰਧਨਾਂ ਦੀ,
ਤੂੰਬਾ-ਤੂੰਬਾ ਕਰਕੇ ਅੱਜ ਉਹ ਤੋੜ ਦਿੱਤੀ।

Academy of the Punjab in North America: http://www.apnaorg.com

# ਬੇ-ਪਹਿਚਾਣ

ਰੱਬਾ! ਕਿੱਥੇ ਖੋਅ ਗਈ ਪਹਿਚਾਣ ਮੇਰੀ?
ਬਣੀ ਰੂਹ ਵੀ ਅੱਜ ਸ਼ੈਤਾਨ ਮੇਰੀ।
ਮੌਤ ਨੂੰ ਗਲੇ ਲਾਉਣਾ ਚਾਹੁੰਦਾ ਹਾਂ,
ਅੱਜ ਹਿੰਮਤ ਬਣੀ ਚੱਟਾਨ ਮੇਰੀ।

ਦੂਰ-ਦੂਰ ਹੋਏ ਸਭ ਨਾਤੇ ਸਾਥੋਂ,
ਦੁਨੀਆਦਾਰੀ ਮੈਂ ਭੁਲਾਈ ਫਿਰਦਾ।
ਮੇਰਾ ਜਿਸਮ ਵੀ ਥੱਕ ਕੇ ਚੂਰ ਹੋਇਆ,
ਖੌਰੇ ਕਦ ਨਿਕਲੇਗੀ ਜਾਨ ਮੇਰੀ।

ਕੁੱਝ ਬੋਲਾਂ ਧੜਕਨ ਰੁੱਕਦੀ ਏ,
ਨੈਣਾਂ 'ਚ ਆਤਸ਼ ਚਮਕ ਰਹੀ।
ਕੇਹਾ ਦਿਨ ਨਜ਼ਰੀਂ ਆ ਚੜ੍ਹਿਆ ਏ,
ਅੱਜ ਸੋਚ ਵੀ ਬੜੀ ਹੈਰਾਨ ਮੇਰੀ।

ਖ਼ਾਕ ਹਿਜ਼ਰਾਂ ਦੀ ਛਾਣਾਂ ਮੈਂ,
ਨਾਲੇ ਰੋਜ਼ ਨੈਣਾਂ ਦੀ ਹਲਟੀ ਗੇੜਾਂ।
ਕਬਰਾਂ ਦੀ ਕਾਲੀ ਦੁਨੀਆਂ ਜਹੀ,
ਜ਼ਿੰਦਗੀ ਹੋ ਗਈ ਵਿਰਾਨ ਮੇਰੀ।

ਸਦੀਆਂ ਦੇ ਖਾਬ ਚੂਰ ਹੋਏ,
ਅਸਾਂ ਸਿੱਖਿਆ ਦਰਦਾਂ ਨੂੰ ਸਹਿਣਾ ।
ਸਾਂਭ-ਸਾਂਭ ਰੱਖਦਾ ਰਿਹਾ ਗ਼ਮਾਂ ਤੋਂ ਬਚਾਅ,
ਗ਼ਮਾਂ ਲੁੱਟ ਲਈ ਆਖਰ ਦੁਕਾਨ ਮੇਰੀ।

Academy of the Punjab in North America: http://www.apnaorg.com

ਭਾਉਂਦੇ ਨਾ ਮਹਿਲ ਵਣਜਾਰਿਆਂ ਨੂੰ,
ਮੁਸਕਾਨ ਦੁਨੀਆਂ ਦੀ ਬਣ ਕੇ ਆਏ ਹਾਂ।
ਅਸਾਂ ਹਰਨਾਂ ਦੀ ਸਿੰਙੀਂ ਚੜ੍ਹ ਬੈਠੇ,
ਹੁਣ ਮੌਤ ਨਾਲ ਹੀ ਹੈ ਸ਼ਾਨ ਮੇਰੀ।

ਰੱਬਾ ! ਕਿੱਥੇ ਖੋਅ ਗਈ ਪਹਿਚਾਣ ਮੇਰੀ?
ਬਣੀ ਰੂਹ ਵੀ ਅੱਜ ਸ਼ੈਤਾਨ ਮੇਰੀ।
ਮੌਤ ਨੂੰ ਗਲੇ ਲਾਉਣਾ ਚਾਹੁੰਦਾ ਹਾਂ,
ਅੱਜ ਹਿੰਮਤ ਬਣੀ ਚੱਟਾਨ ਮੇਰੀ।

Academy of the Punjab in North America: http://www.apnaorg.com

# ਕੁੱਝ ਚਿਰਾਂ ਤੋਂ......

ਕੁੱਝ ਚਿਰਾਂ ਤੋਂ ਮਨ ਸਾਡਾ
ਉਦਾਸ ਜਿਹਾ ਰਹਿੰਦਾ ਏ,
ਖ਼ੁਸ਼ੀ ਕਿਸੇ ਦੀ ਲਈ
ਐਵੇਂ ਦਰਦਾਂ ਨੂੰ ਸਹਿੰਦਾ ਏ।
ਛਿਪਾ ਰੱਖੇ ਨੇ ਕਈ
ਮਣਾਂ ਦਰਦ ਸੀਨੇ ਵਿੱਚ,
ਦੁੱਖੜਾ ਦਿਲ ਦਾ
ਇਹ ਕਿਸੇ ਨੂੰ ਨਾ ਕਹਿੰਦਾ ਏ।
ਥਾਂ-ਥਾਂ ਭਟਕਦਾ ਫਿਰਦਾ ਏ
ਐਵੇਂ ਮਨ ਸਾਡਾ,
ਲਾ ਡੇਰਾ
ਇਹ ਨਾ ਕਿਸੇ ਥਾਂ ਬਹਿੰਦਾ ਏ।
ਸਜ਼ਾ ਰੱਖੀ ਸੀ
ਜੋ ਲੜੀ ਸੁਪਨਿਆਂ ਦੀ,
ਇੱਕ-ਇੱਕ ਕਰ
ਰੋਜ਼ ਸੁਪਨਾ ਢਹਿੰਦਾ ਏ।
ਲਿਸ਼ਕਦੇ ਸਿਤਾਰਿਆਂ ਦੀ
ਹੱਸੀ ਸਭ ਮਾਣਦੇ ਨੇ,
ਕੌਣ ਪੁੱਛਦਾ
ਜਦ ਕੋਈ ਤਾਰਾ
ਅੰਬਰਾਂ ਚੋਂ ਲਹਿੰਦਾ ਏ।

Academy of the Punjab in North America: http://www.apnaorg.com

# ਹਾਦਸਾ

ਦੁੱਖਾਂ ਦਾ ਕਾਫ਼ਲਾ ਜਦ ਲੰਘਿਆ ਵੇਹੜਿਓਂ,
ਮੈਂ ਦੁੱਖ ਜਰਨਾ ਸਿੱਖ ਗਿਆ।
ਪਹਿਲਾ ਪਤਾ ਨਹੀ ਸੀ ਲ਼ਫਜ਼ ਮੌਤ ਦੇ,
ਹੁਣ ਤਾ ਮੈਂ ਮਰਨਾ ਸਿੱਖ ਗਿਆ।

ਅਣਜਾਣ ਸਾਂ ਜਦ ਮੈਂ ਦੁਨੀਆਂ ਤੋਂ,
ਕੱਚੇ ਰਾਹਾਂ ਤੇ ਤੁਰਦਾ ਸਾਂ।
ਜਦ ਹੋਸ਼ ਆਈ ਮੈਂ ਖਿਆਲਾਂ ਰਾਹੀਂ,
ਉੱਚੇ ਪਰਬਤਾਂ ਤੇ ਚੜ੍ਹਨਾ ਸਿੱਖ ਗਿਆ।

ਕੁੱਝ ਦਗ਼ਾ ਕਮਾਇਆ ਤਕਦੀਰ ਸਾਡੀ,
ਕੁੱਝ ਸੀ ਹੰਕਾਰ ਜਵਾਨੀ ਦਾ।
ਹੰਢਾਅ ਹਨੇਰਾ ਕਾਲੀਆਂ ਰਾਤਾਂ ਦਾ,
ਮੈਂ ਚਾਨਣ ਤੋਂ ਡਰਨਾ ਸਿੱਖ ਗਿਆ।

ਅੱਲੜ ਉਮਰੇ ਓਸ ਬਾਝੋਂ ,
ਕੁੱਝ ਯਾਦ ਨਹੀ ਸੀ ਫੱਕਰਾਂ ਨੂੰ।
ਪਈ ਮਾਰ ਜਦ ਵਕਤ ਦੀ ਮੈਨੂੰ,
ਰੱਬ ਦਾ ਪਲੜਾ ਫੜਨਾ ਸਿੱਖ ਗਿਆ।

Academy of the Punjab in North America: http://www.apnaorg.com

# ਕੁੱਝ ਹਰਫ਼ ਤੇਰੇ ਨਾਮ

ਮੇਰੇ ਦਿਲ ਅੰਦਰ
ਸੁਲਗ ਰਿਹਾ
ਤੇਰੀ ਯਾਦ ਦਾ ਧੂੰਆਂ
ਜਦ ਮੇਰੇ ਨੈਣੀਂ
ਆ ਵੜਿਆ।
ਤਦ ਮੈਂ
ਇੱਕ ਹਉਕਾ ਭਰਿਆ,
ਇਸ ਹਉਕੇ ਮਗਰੋਂ
ਸੋਚਿਆ ਕਿ
ਪਤਾ ਨਹੀਂ ਕਿਹੜਾ
ਹਉਕਾ ਆਖਰੀ ਹੋਵੇਗਾ?
ਆਪਣੇ ਦੀਨ ਪਿਆਰੇ ਨੂੰ
ਨਵੀਂ ਦਿੱਖ ਦੇਵਾਂ,
ਅੱਜ ਕੁੱਝ ਨਾਮ ਤੇਰੇ
ਮੈਂ ਲਿਖ ਦੇਵਾਂ।
ਅੱਜ ਦੀ ਸਵੇਰ ਤੇਰੇ ਨਾਮ ਹੈ,
ਅੱਜ ਦੀ ਦੁਪਹਿਰ ਤੇਰੇ ਨਾਮ ਹੈ,
ਅੱਜ ਦੀ ਸ਼ਾਮ ਤੇਰੇ ਨਾਮ ਹੈ,
ਅੱਜ ਦੀ ਰਾਤ ਤੇਰੇ ਨਾਮ ਹੈ,
ਸੁਣ ਦਿਲ ਦੇ ਮਹਿਰਮਾ
ਕੁੱਝ ਹਰਫ਼
ਤੇਰੇ ਨਾਮ ਕਰ ਰਿਹਾ ਹਾਂ।

Academy of the Punjab in North America: http://www.apnaorg.com

ਛੁਪਾਇਆ ਨਾ
ਇਸ ਜੱਗ ਕੋਲੋਂ
ਜੋ ਵੀ ਹੈ
ਨਿੱਝਕ ਕਰ ਰਿਹਾ ਹਾਂ।
ਮੇਰੀ ਜ਼ਿੰਦਗੀ ਦੀ
ਜੋ ਹਸਤੀ ਏ
ਇਹ ਤੇਰੀ ਬਦੌਲਤ ਏ।
ਇਹ ਗ਼ਮ ਤੇਰੇ ਨਾਮ,
ਇਹ ਹਉਕੇ ਤੇਰੇ ਨਾਮ,
ਇਹ ਜੁਦਾਈ ਤੇਰੇ ਨਾਮ,
ਇਹ ਤਨਹਾਈ ਤੇਰੇ ਨਾਮ,
ਇਹ ਰੁਸਵਾਈ ਤੇਰੇ ਨਾਮ,
ਮੇਰੇ ਗੀਤ ਤੇਰੇ ਨਾਮ,
ਮੇਰਾ ਸੰਗੀਤ ਤੇਰੇ ਨਾਮ,
ਮੇਰਾ ਭਵਿੱਖ ਤੇਰੇ ਨਾਮ,
ਮੇਰਾ ਅਤੀਤ ਤੇਰੇ ਨਾਮ,
ਜੋ ਹਰਫ਼ ਅੱਜ
ਤੇਰੇ ਨਾਮ ਲਿਖੇ ਗਏ
ਇਨ੍ਹਾਂ ਨੂੰ ਮੈਂ
ਜ਼ਿੰਦਗੀ ਦੀ ਲੀਹ 'ਤੇ
ਚੱਲਦੇ ਵੇਖਣਾ ਚਾਹੁੰਦਾ ਹਾਂ
ਤੇ ਤਾਰਿਆਂ ਸੰਗ
ਰੱਲਦੇ ਵੇਖਣਾ ਚਾਹੁੰਦਾ ਹਾਂ।

Academy of the Punjab in North America: http://www.apnaorg.com

# ਰੂਹਾਂ ਦਾ ਮੇਲ

ਅਜੇ ਤੀਕ ਕੋਈ ਸਮਝ ਅਸਾਂ ਨੂੰ ਸਕਿਆ ਨੀ,
ਅਸਾਂ ਫਿਰ ਵੀ ਤੈਨੂੰ ਸਮਝਾਵਾਂਗੇ।
ਯਾਦ ਭਾਵੇਂ ਤੂੰ ਕਰੇਂ ਨਾ ਕਰੇਂ,
ਪਰ ਤੇਰੇ ਸੁਪਨੇ 'ਚ ਆਵਾਂਗੇ।
ਸੁਣੇ ਚਾਹੇ ਨਾ ਤੂੰ ਕਦੇ ਗੀਤ ਸਾਡੇ ,
ਅਸਾਂ ਗੀਤ ਪਿਆਰ ਦੇ ਗਾਵਾਂਗੇ।
ਮਿਲੇ ਨਾ ਵੈਦ ਜਿਸ ਰੋਗ ਦਾ,
ਐਸਾ ਰੋਗ ਅਵੱਲਾ ਤੈਨੂੰ ਲਾਵਾਂਗੇ।
ਹਰ ਵਸਤ 'ਚ 'ਵੀਰ' ਤੈਨੂੰ ਨਜ਼ਰ ਆਊ,
ਐਸਾ ਦਿਲ ਤੇਰੇ ਤੇ ਛਾ ਜਾਵਾਂਗੇ।
ਹੋ ਜਾਏਗਾ ਕਮਲਾ ਤੂੰ ਸੱਜਣਾ ਰੋ-ਰੋ ਵੇ,
ਜਦ ਇਸ ਦੁਨੀਆਂ ਤੋਂ ਤੁਰ ਜਾਵਾਂਗੇ।
ਇੰਨੀ ਦੂਰ ਅਸਾਂ ਜਾ ਬਹਿਣਾ ਨੀ,
ਜਿੱਥੋਂ ਮੁੜ ਨਾ ਅਸਾਂ ਫਿਰ ਆਵਾਂਗੇ।
ਸਾਡੇ ਬਗੈਰ ਤੈਨੂੰ ਰਹਿਣਾ ਨਹੀਓਂ ਯਾਦ ਕੁੱਝ,
ਯਾਦਾਂ ਆਪਣੀਆਂ ਨਾਲ ਇੰਨਾ ਸਤਾਵਾਂਗੇ।
ਜਦ ਹੋ ਜਾਊ ਮੁਸ਼ਕਲ ਜੀਣਾ ਤੇਰਾ,
ਫਿਰ ਤੈਨੂੰ ਆਪਣੇ ਕੋਲ ਬੁਲਾਵਾਂਗੇ।
ਸੁਪਨੇ ਵੀ ਜਿਹੜਾ ਕਿਸੇ ਤੱਕਿਆ ਨਾ ਹੋਵੇ,
ਐਸਾ ਇਸ਼ਕੇ ਦਾ ਮਹਿਲ ਬਣਾਵਾਂਗੇ।
ਕੀਤਾ ਨਾ ਹੋਣਾ ਕਦੇ ਕਿਸੇ ਇਸ਼ਕ ਐਸਾ,
ਐਸਾ ਤੈਨੂੰ ਇਸ਼ਕੇ ਦਾ ਬਲ ਸਿਖਾਵਾਂਗੇ।
ਜਦ ਸਾਡੀਆਂ ਰੂਹਾਂ ਇੱਕ ਹੋ ਜਾਣਗੀਆਂ,
ਤਦ ਇਸ਼ਕੇ ਦੀ ਫੱਟੀ ਤੇ ਸਾਂਝਾ ਨਾਂ ਲਿਖਵਾਵਾਂਗੇ।

Academy of the Punjab in North America: http://www.apnaorg.com

# ਮੌਤ ਦਾ ਵਾਕਫ਼

ਕੇਹੇ ਲਿਖੇ ਨੇ ਰੱਬਾ ਲੇਖ ਸਾਡੇ,
ਰਾਹ ਫ਼ਕੀਰਾਂ ਵਾਲਾ ਜਾ ਮੱਲਿਆ।
ਨਿਤ ਦਰਦਾਂ ਨੂੰ ਸਹਿੰਦਾ-ਸਹਿੰਦਾ ਨੀ,
ਮੈਂ ਮੌਤ ਦਾ ਵਾਕਫ਼ ਹੋ ਚੱਲਿਆ।

ਸੁੱਕ ਚੱਲੀਆਂ ਨੈਣਾਂ ਦੀਆਂ ਗਲੀਆਂ,
ਕੇਹੀ ਅੱਗ ਯਾਦਾਂ ਦੀ ਸੁਲਗੇ ਨੀ।
ਰਾਖ ਹੱਡੀਆਂ ਦੀ ਬਣਦੀ ਜਾਵੇ,
ਕੇਹਾ ਇਸ਼ਕੇ ਦਾ ਦੀਵਾ ਹੈ ਬਲਿਆ

ਦੁਨੀਆਂ ਦੇ ਰੰਗੀਂ ਨਾ ਰੰਗ ਹੋਇਓ,
ਅਧੂਰਾ ਰਹਿੰਦਾ ਖ਼ੁਦ ਨੂੰ ਭੁੱਲਕੇ।
ਕੁੱਝ ਰਹੱਸ ਜ਼ਿੰਦਗੀ ਦੇ ਜਾਣ ਗਿਉਂ,
ਵੇਖਿਆ ਰਹਿ ਕੇ ਜਦ ਮੈਂ ਕੱਲਿਆਂ।

ਗ਼ਮਾਂ ਦੀ ਮਚਦੀ ਅੱਗ ਉੱਤੇ,
ਸਾਡੇ ਲੇਖਾਂ ਦਾ ਟੁੱਕ ਝੁਲਸ ਗਿਉਂ।
ਤਮਾਸ਼ਾ ਸਮਝ ਜੱਗ ਹੱਸ ਵੇਖ ਗਿਉਂ,
ਪਰ ਕਿਸੇ ਨਾ ਸਾਨੂੰ ਆ ਥੱਲਿਆ।

Academy of the Punjab in North America: http://www.apnaorg.com

ਜਦ ਹੱਸ ਖੁਸ਼ੀਆਂ ਨੂੰ ਸਹਿੰਦੇ ਹਾਂ,
ਫਿਰ ਕਿਉਂ ਰੋ ਕੇ ਦਰਦ ਹੰਢਾਵਾਂ।
ਓਹੀ ਜਾਣੇ ਜਿਹਦੇ ਪੈਣ ਪੱਲੇ,
ਬਸ ਨਾ ਹਰ ਜਾਣਾ ਝੱਲਿਆ।

ਹੋਣਾ ਜਦ ਮੈਂ ਮੌਤ ਦਾ ਵਾਕਫ਼,
ਰਿਸ਼ਤਾ ਗ਼ਮਾਂ ਨਾਲੋਂ ਟੁੱਟ ਜਾਊ ।
ਤਨ ਨਾਲ ਹੀ ਦਰਦ ਮਿੱਟੀ ਹੋਣੈ,
ਪੀ ਜੋ ਖ਼ੂਨ ਜਿਗਰ ਦਾ ਪਲਿਆ।

Academy of the Punjab in North America: http://www.apnaorg.com

# ਤੇਰੇ ਜਾਣ ਪਿੱਛੋਂ

ਭਾਵੇ ਪੀੜਾਂ ਭਰੀ ਤਨਹਾਈ,
ਸੀਨੇ ਪਲਦੀ ਜਾਵੇਗੀ।
ਤੇਰੇ ਜਾਣ ਪਿੱਛੋਂ ਵੀ,
ਜ਼ਿੰਦਗੀ ਮੇਰੀ ਚੱਲਦੀ ਜਾਵੇਗੀ।

ਯਾਦਾਂ ਮਗਰੋਂ ਹੰਝੂਆਂ ਨੂੰ,
ਸਦਾ ਆਉਣਾ ਪੈਂਦਾ ਏ।
ਚਾਦਰ ਮੇਰੇ ਨੈਣਾਂ ਦੀ ,
ਹੌਲੀ-ਹੌਲੀ ਗਲਦੀ ਜਾਵੇਗੀ।
ਤੇਰੇ ਜਾਣ ਪਿੱਛੋਂ ਵੀ,
ਜ਼ਿੰਦਗੀ ਮੇਰੀ ਚੱਲਦੀ ਜਾਵੇਗੀ

ਤੇਰੇ ਜਾਣ ਪਿੱਛੋਂ,
ਜੋ ਅੱਗ ਸੁਲਗੀ ਏ।
ਸਦੀਆਂ ਤੀਕ ਏਹੋ,
ਘਰ ਸਾਡੇ ਬਲਦੀ ਜਾਵੇਗੀ।
ਤੇਰੇ ਜਾਣ ਪਿੱਛੋਂ ਵੀ,
ਜ਼ਿੰਦਗੀ ਮੇਰੀ ਚੱਲਦੀ ਜਾਵੇਗੀ।

ਨਿੰਮੜੀ ਦੇ ਪੱਤਿਆਂ ਦਾ,
ਘੋਲ ਬਣਾ ਯਾਦ ਤੇਰੀ,
ਮੇਰੀ ਦਿਲ ਦੀ ਸਰਦਲ ਤੇ,
ਰੋਜ਼ ਮਲਦੀ ਜਾਵੇਗੀ।
ਤੇਰੇ ਜਾਣ ਪਿੱਛੋ ਵੀ,
ਜ਼ਿੰਦਗੀ ਮੇਰੀ ਚੱਲਦੀ ਜਾਵੇਗੀ।

Academy of the Punjab in North America: http://www.apnaorg.com

ਕਲੀਆਂ ਦੇ ਭੇਸ 'ਚ ਜੋ,
ਕੰਡਿਆਂ ਦਾ ਤੋਹਫਾ ਦੇ ਚੱਲਿਓਂ ।
ਤੇਰੀ ਇੱਕ ਮੁਸਕਾਨ ਲਈ,
ਜਿੰਦ ਮੇਰੀ ਦੁੱਖ ਝੱਲਦੀ ਜਾਵੇਗੀ।
ਤੇਰੇ ਜਾਣ ਪਿੱਛੋਂ ਵੀ,
ਜ਼ਿੰਦਗੀ ਮੇਰੀ ਚੱਲਦੀ ਜਾਵੇਗੀ ।

ਸਾਡੇ ਇੰਤਜ਼ਾਰ ਦਾ ਸੂਰਜ,
ਇੱਕ ਥਾਂ ਥੰਮ ਜਾਏਗਾ ।
ਹਰ ਪੰਛੀ ਆਲ੍ਹਣੇ ਮੁੜ ਆਏਗਾ,
ਜਦ ਕੋਈ ਸ਼ਾਮ ਢਲਦੀ ਜਾਵੇਗੀ।
ਤੇਰੇ ਜਾਣ ਪਿੱਛੋਂ ਵੀ,
ਜ਼ਿੰਦਗੀ ਮੇਰੀ ਚੱਲਦੀ ਜਾਵੇਗੀ ।

ਗ਼ਮਾਂ ਦੇ ਹਨੇਰੇ 'ਚ ਤੁਰਿਆਂ,
'ਵੀਰ' ਵਾਪਸ ਮੁੜ ਨਾ ਆਏਗਾ,
ਜ਼ਿੰਦਗੀ ਮੇਰੀ ਮੁੜ- ਮੁੜ,
ਸੁਨੇਹੇ ਘੱਲਦੀ ਜਾਵੇਗੀ।
ਤੇਰੇ ਜਾਣ ਪਿੱਛੋਂ ਵੀ,
ਜ਼ਿੰਦਗੀ ਮੇਰੀ ਚੱਲਦੀ ਜਾਵੇਗੀ ।

Academy of the Punjab in North America: http://www.apnaorg.com

# ਜ਼ਿੰਦਗੀ ਨਾਲ ਤਕਰਾਰ.......

ਹਸੀਨ ਚਿਹਰਾ ਸੱਜਣਾਂ ਦਾ,
ਅੱਜ ਫਿਰ ਸੀਨੇ ਵਾਰ ਕਰ ਗਿਆ।
ਦੁਨੀਆਂ ਦਗ਼ਾ ਕਮਾਵੇ ਪਰਾਇਆ ਬਣਕੇ,
ਓਹ ਤਾਂ ਫਿਰ ਵੀ ਬਣਕੇ ਯਾਰ ਕਰ ਗਿਆ।

ਅਸੀਂ ਹੱਸ-ਹੱਸ ਸਹਿੰਦੇ ਪੀੜਾਂ,
ਓਹ ਇੰਝ ਤਿਆਰ ਕਰ ਗਿਆ।
ਅਸੀਂ ਭੁੱਲੇ ਸੁਨਿਹਰੀ ਵਸਤਾਂ ਨੂੰ,
ਓਹ ਗ਼ਮਾਂ ਦਾ ਸ਼ਿੰਗਾਰ ਕਰ ਗਿਆ।

ਰੂਹ ਮੇਰੀ ਨੂੰ ਕੈਦ ਕਰਕੇ,
ਪੱਥਰ ਵਾਂਗ ਲਚਾਰ ਕਰ ਗਿਆ।
ਜੇ ਕੋਈ ਹੋਰ ਹੁੰਦਾ ਅਸਾਂ ਜੀਅ ਲੈਂਦੇ,
ਪਰ ਯਾਰ ਹੀ ਯਾਰ ਮਾਰ ਕਰ ਗਿਆ।

ਮਿਲੇ ਨਾ ਵੈਦ ਜਿਹਦਾ ਜੱਗ ਅੰਦਰ,
ਲਾ ਇਸ਼ਕੇ ਦਾ ਰੋਗ ਬਿਮਾਰ ਕਰ ਗਿਆ।
ਪਹਿਲੀ ਤੇ ਅੰਤਿਮ ਭੁੱਲ ਹੋਈ ਸਾਥੋਂ,
ਜਿਹੜਾ ਤੇਰੇ ਤੇ ਇਤਬਾਰ ਕਰ ਗਿਆ।

ਪੈ ਰਹੇ ਨੇ ਫੁੱਲ ਪੀੜਾਂ ਨੂੰ,
ਜੋ ਪੀੜਾਂ ਦੀ ਬਹਾਰ ਕਰ ਗਿਆ।
ਜਿੱਥੇ ਨੀਲਾਮ ਹੋਣ ਰੋਜ਼ ਚਾਅ ਸਾਡੇ,
ਤਨ ਸਾਡਾ ਤੂੰ ਉਹ ਬਜ਼ਾਰ ਕਰ ਗਿਆ।

Academy of the Punjab in North America: http://www.apnaorg.com

ਜੇਠ, ਹਾੜ ਸਿਰ ਤੇ ਤੱਪਦੇ ਲੱਗਣ,
ਸੋਚ ਮੇਰੀ ਇੰਝ ਨਕਾਰ ਕਰ ਗਿਆ।
ਚਾਨਣ ਦੀਵਾਲੀ ਪੂਰੇ ਹੋਣਗੇ ਖ਼ਾਬ ਸਾਰੇ,
ਜਿਹੜੇ ਤੂੰ ਕੌਲ-ਕਰਾਰ ਕਰ ਗਿਆ।

ਲੋਕੀ ਸਿਖਾਵਣ ਜੀਣਾ, ਤੂੰ ਮੌਤ ਸਿਖਾ ਕੇ;
'ਵੀਰ' ਤੇ ਕਿਹੜਾ ਉਪਕਾਰ ਕਰ ਗਿਆ।
ਮੌਤ ਨਾਲ ਲਾ ਯਾਰੀ ਸਾਡੀ,
ਜ਼ਿੰਦਗੀ ਨਾਲ ਤਕਰਾਰ ਕਰ ਗਿਆ।

Academy of the Punjab in North America: http://www.apnaorg.com

# ਮੌਤ ਜਾਂ ਜ਼ਿੰਦਗੀ

ਉੱਚੇ ਟਿੱਬੇ ਵਸਿਆ ਹੋਇਆ,
ਮੇਰਾ ਵੱਖਰਾ ਦਿਸੇ ਗਰਾਂ।
ਏਸ ਗਰਾਂ ਦੀਆਂ ਉੱਚੀਆਂ ਮੰਜ਼ਲਾਂ,
ਵਸਾਂ ਵਿੱਚ ਸਰਾਂ।

ਦਰਦਾਂ ਦੀ ਦੁਪਹਿਰ ਚੜ੍ਹੀ ਸਿਖਰੇ,
ਇਸ਼ਕੇ ਦੀ ਡਾਢੀ ਪੀੜ ਜਰਾਂ।
ਨਿਤ ਗ਼ਮਾਂ ਦੀ ਸੱਪਣੀ ਡੰਗੇ,
ਨਿਤ ਜੀਣ ਦੀ ਕੋਸ਼ਿਸ਼ ਮੈਂ ਕਰਾਂ।

ਮੰਜ਼ਲ ਸਾਥੋਂ ਅਜੇ ਦੂਰ ਖੜ੍ਹੀ ਏ,
ਮੈਂ ਚੱਲਦਾ-ਚੱਲਦਾ ਨਿਤ ਹਰਾਂ।
ਕੰਡਿਆਂ ਵਿੱਚ ਫੁੱਲ ਹੱਸਦਾ ਲੱਗੇ,
ਮੈਂ ਅੰਦਰੋ-ਅੰਦਰੀ ਨਿਤ ਖਰਾਂ।

ਸਦੀਆਂ ਤੋਂ ਛਿਪਿਆ ਚੰਨ ਅੰਬਰਾਂ 'ਚ,
ਨਿਤ ਹੰਝੂਆਂ ਦਾ ਦੀਵਾ ਤਲੀ ਧਰਾਂ।
ਕਿਤੇ ਗੁੰਮ ਨਾ ਜਾਵੇ ਗੀਤ ਮੇਰਾ,
ਗੀਤ ਲਿਖਦਾ ਮੈਂ ਨਿਤ ਡਰਾਂ।

ਰਤਾ ਫ਼ਰਕ ਨਾ ਪੈਣਾ ਜੱਗ ਨੂੰ,
ਮੈਂ ਚਾਹੇ ਜੀਵਾ ਜਾਂ ਮਰਾਂ।
ਮੌਤ ਤੇ ਜ਼ਿੰਦਗੀ ਮੇਰੀ ਬੋਲੀ ਲਾਵਣ,
ਰੱਬਾ! ਮੈਂ ਜਿੰਦ ਕਿਹਦੇ ਨਾਮ ਕਰਾਂ ?

Academy of the Punjab in North America: http://www.apnaorg.com

# ਮੇਰੇ ਦਿਲ ਦਾ ਦਰਦੀ

ਅਜੀਬ ਜਿਹਾ ਲੱਗਾ ਕੱਲ੍ਹ ਦੇਖ ਅੰਬਰਾਂ ਦੇ ਤਾਰਿਆਂ ਨੂੰ,
ਜਿਵੇਂ ਕੋਈ ਉਡੀਕ ਰਿਹਾ ਹੋਵੇ ਸੱਜਣਾਂ ਪਿਆਰਿਆਂ ਨੂੰ।
ਪਿਆਰ ਦੀ ਚਿੰਗਾਰੀ ਸੁਲਗੀ ਫਿਰ ਸੀਨੇ ਸਾਡੇ,
ਚੱਲ ਆਪਣਾ ਬਣਾ ਤੱਕਿਆ ਕਿਸੇ ਗ਼ਮਾਂ ਦੇ ਮਾਰਿਆਂ ਨੂੰ।

ਕੁੱਝ ਫੁਰਮਾਇਆ ਤਾਰਿਆਂ ਹਾਲ ਦੇਖ ਨਿਮਾਣਿਆਂ ਦਾ,
ਕਿਉਂ ਭੇਸ ਫ਼ਕੀਰਾਂ ਜਿਹਾ ਤੂੰ ਬਣਾਈ ਫਿਰਦਾ ਏਂ ?
ਸਹਿਣਾ ਦਰਦਾਂ ਨੂੰ ਔਖਾ ਜਦ ਮਿਤ ਕੋਈ ਨਾ ਹੋਵੇ,
ਕਿਉ ਬਿਨਾਂ ਸਹਾਰੇ ਤੂੰ ਠੋਕਰਾਂ ਖਾਈ ਗਿਰਦਾ ਏਂ ?
ਹੰਢਾਉਦੇ ਥੱਕ ਗਏ ਸੀ ਅਸਾਂ ਜਿਸ ਜ਼ਿੰਦਗੀ ਨੂੰ,
ਚੱਲ ਆਸ ਜਿਉਣ ਦੀ ਤਾਂ ਸਿਖਾਈ ਜ਼ਿੰਦਗੀ ਤੋਂ ਹਾਰਿਆਂ ਨੂੰ।

ਜੋ ਦਰਦ ਪਰਾਇਆ ਉਮਰਾਂ ਤੋਂ ਲੁਕਾਅ ਰੱਖਿਆ,
ਇਨ੍ਹਾਂ ਬਸ ਰੋਣਾਂ ਹੀ ਪੱਲੇ ਤੇਰੇ ਪਾਉਣਾ ਏ।
ਸਭ ਖੁਸ਼ ਨੇ ਦਰਦ ਉਮਰਾਂ ਦੇ ਪੱਲੇ ਪਾ ਤੇਰੇ,
ਧੱਬਾ ਮੌਤ ਦਾ ਇਨ੍ਹਾਂ ਤੇਰੇ ਤੇ ਹੀ ਲਾਉਣਾ ਏ।
ਚਿਰਾਂ ਤੋਂ ਸੀ ਨਮ ਅੱਖੀਆਂ 'ਵੀਰ' ਦੀਆਂ,
ਚੱਲ ਕਿਸੇ ਤਾਂ ਪੂੰਝਿਆ ਸਾਡੇ ਹੰਝੂ ਖਾਰਿਆਂ ਨੂੰ।

Academy of the Punjab in North America: http://www.apnaorg.com

ਜਦ ਅੱਡ ਹੀ ਕਰ ਲਿਆ ਖੁਦ ਨੂੰ ਦੁਨੀਆਂ ਤੋਂ,
ਹੁਣ ਨਾਮ ਖੁਦਾ ਦਾ ਦਿਲ ਨੂੰ ਚੜ੍ਹ ਜਾਵੇ ।
ਬਿਨਾ ਡਰ ਤੋਂ ਦਰਦਾਂ ਨੂੰ ਸਹਿੰਦਾ ਨਾਲ ਰਹੀਂ,
ਇਹੋ ਜ਼ਿੰਦਗੀ ਨਾ ਜੋ ਤੇਰੀ ਕਿਤੇ ਖੜ੍ਹ ਜਾਵੇ।
ਭਟਕਦੇ ਸੀ ਫਿਰਦੇ ਅਸਾਂ ਉਜੜੇ ਰਾਹਾਂ ਤੇ,
ਚੱਲ ਕਿਸੇ ਨੇ ਤਾਂ ਦਿੱਤੀ ਪਨਾਹ ਆਸ਼ਕ ਵਿਚਾਰਿਆਂ ਨੂੰ।

ਅਜੀਬ ਜਿਹਾ ਲੱਗਾ ਕੱਲ੍ਹ ਦੇਖ ਅੰਬਰਾਂ ਦੇ ਤਾਰਿਆਂ ਨੂੰ,
ਜਿਵੇਂ ਕੋਈ ਉਡੀਕ ਰਿਹਾ ਹੋਵੇ ਸੱਜਣਾਂ ਪਿਆਰਿਆਂ ਨੂੰ।
ਪਿਆਰ ਦੀ ਚਿੰਗਾਰੀ ਸੁਲਗੀ ਫਿਰ ਸੀਨੇ ਸਾਡੇ,
ਚੱਲ ਆਪਣਾ ਬਣਾ ਤੱਕਿਆ ਕਿਸੇ ਗ਼ਮਾਂ ਦੇ ਮਾਰਿਆਂ ਨੂੰ।

Academy of the Punjab in North America: http://www.apnaorg.com

# ਬੇਚੈਨੀ

ਜਾਨ ਕੱਢਣ,
ਪੈਂਦੇ ਸੀਨੇ ਹੌਲ ਨੀ ਮਾਏ।
ਕਟਾਰ ਵਾਂਗਰਾ ਚੁੱਭਣ ਸੀਨੇ,
ਸੱਜਣਾਂ ਦੇ ਬੋਲ ਨੀ ਮਾਏ।
ਅੱਜ ਵੀ ਪੈਂਦੇ ਸੀਨੇ ਹੌਲ ਨੀ ਮਾਏ।

ਸੁਣਿਆ ਸੀ ਮੈਂ ਨਾਮ ਗ਼ਮਾਂ ਦਾ,
ਕੀ ਪਤਾ ਕਿੰਝ ਤੋੜ ਬੰਦੇ ਨੂੰ ਖਾਂਦੇ ਨੇ,
ਜਿਸ ਗੱਲ ਤੋਂ ਡਰਦਾ ਫਿਰਦਾ ਸੀ,
ਉਸੇ ਗ਼ਮਾਂ ਵਾਲੀ ਤੱਕੜੀ 'ਚ ,
ਸੱਜਣ ਗਏ ਤੋਲ ਨੀ ਮਾਏ,
ਅੱਜ ਵੀ .............।

ਖੁਸ਼ੀ ਕੋਈ ਸਾਡੇ ਵੀ ਵੇਹੜੇ ਆਵੇ,
ਅਸਾਂ ਜਾਨ ਵੀ ਦਾਅ ਤੇ ਲਾ ਦਿੱਤੀ,
ਮਸਾਂ ਸੀ ਭਰਿਆ ਘੜਾ ਖੁਸ਼ੀਆਂ ਦਾ ,
ਸੱਜਣ ਠੋਕਰ ਮਾਰ ਗਏ ਡੋਲ੍ਹ ਨੀ ਮਾਏ,
ਅੱਜ ਵੀ .............।

ਤਨ ਸਾਡਾ ਹੈ ਥਰ-ਥਰ ਕੰਬੇ,
ਮੁੜ ਗਈ ਬਹਾਰ ਵੇਖ ਸਾਨੂੰ,
ਨਾਮ ਥੰਮਣ ਦਾ ਲਵੇ ਨਾ ਏਹੋ,
ਜੁਦਾਈ ਦਾ ਵੱਜਦਾ ਢੋਲ ਨੀ ਮਾਏ,
ਅੱਜ ਵੀ .............।

Academy of the Punjab in North America: http://www.apnaorg.com

ਕੀ ਫਾਇਦਾ ਝੂਠੀਆਂ ਆਸਾਂ ਦਾ,
ਨਦੀ ਕਿਨਾਰੇ ਰੁੱਖੜੇ ਨੂੰ,
ਸਾਡਾ ਰੋਮ-ਰੋਮ ਹੈ ਤੜਫ ਰਿਹਾ,
ਕੇਹੀ ਜ਼ਹਿਰ ਰਕਤੀਂ ਗਏ ਘੋਲ ਨੀ ਮਾਏ,
ਅੱਜ ਵੀ ..............।

ਸਾਡੇ ਸਾਹੀਂ ਜਿਹੜੇ ਵਸ ਗਏ ਨੇ
ਉਹ ਅੱਜ ਵੀ ਨੇ ਅਨਮੋਲ ਨੀ ਮਾਏ,
ਸਾਡੇ ਜਾਣ ਪਿੱਛੋਂ ਖ਼ਾਕ ਸਾਡੀ
ਚਾਹੇ ਸੱਜਣ ਲੈਣ ਫੋਲ ਨੀ ਮਾਏ,
ਅੱਜ ਵੀ ਪੈਂਦੇ ਸੀਨੇ ਹੌਲ ਨੀ ਮਾਏ।

Academy of the Punjab in North America: http://www.apnaorg.com

# ਤਾਰ ਗ਼ਮਾਂ ਦੀ

ਤਾਰ ਗ਼ਮਾਂ ਦੀ ਆ ਵਿੱਚ ਸੀਨੇ ਫਿਰਦੀ ਏ।
ਜਾਨ ਸਾਡੀ ਰੋਜ਼ ਦਰਦਾਂ ਦੇ ਘੇਰ 'ਚ ਘਿਰਦੀ ਏ।
ਅਧੂਰੇ ਰਹਿ ਗਏ ਜੋ ਅਰਮਾਨ ਸਾਡੇ ਦਿਲ ਦੇ,
ਨੈਣਾਂ ਰਾਹੀਂ ਰੋਜ਼ ਹਲਟੀ ਇੰਨ੍ਹਾਂ ਦੀ ਗਿੜ੍ਹਦੀ ਏ।
ਐਸੀ ਥੰਮ ਗਈ ਹੈ ਹੁਣ ਜ਼ਿੰਦਗੀ ਸਾਡੀ,
ਬਹੁਤ ਕੋਸ਼ਿਸ਼ਾਂ ਤੇ ਵੀ ਨਾ ਜਿਹੜੀ ਰਿੜ੍ਹਦੀ ਏ।
ਸਾਨੂੰ ਮਾਰਿਆ ਇੰਝ ਦਰਦ ਪਰਾਇਆਂ ਨੇ,
ਜਿਵੇਂ ਆ ਬਿਜਲੀ ਅਸਮਾਨੀ ਗਿਰਦੀ ਏ।
ਉੱਝ ਹੋਇਆ ਕੱਚੀ ਅੰਬੀ ਜਿਹਾ ਨਾਲ ਸਾਡੇ,
ਬੇਮੌਸਮੀ ਧਰਤੀ ਤੇ ਆ ਜਿਹੜੀ ਕਿਰਦੀ ਏ।

Academy of the Punjab in North America: http://www.apnaorg.com

# ਸੁੰਨੀਆਂ ਰਾਹਾਂ

ਮੇਰੇ ਦਿਲ ਦੀਆਂ ਸੁੰਨੀਆਂ ਰਾਹਾਂ ਨੇ,
ਜਿੱਥੇ ਕੋਈ ਨਾ ਖੜ੍ਹਦਾ ਏ।
ਮੁੱਦਤਾਂ ਹੋਈਆਂ ਨੇ ਕਿਸੇ ਦੇ ਲੰਘਿਆਂ ਨੂੰ,
ਕਿਹੜਾ ਗ਼ਮਾਂ ਦੀ ਧੁੱਪੇ ਸੜ੍ਹਦਾ ਏ।

ਅਸਾਂ ਗ਼ਮਾਂ 'ਚ ਹੰਢਾਅ ਲਈ ਜਿੰਦੜੀ ।
ਰੋਮ-ਰੋਮ ਦਰਦਾਂ ਨੇ ਸਤਾਇਆ ਏ,
ਸਿਰ ਛਾਈ ਰਹੇ ਸਦਾ ਪਰਛਾਈ ਮੌਤ ਦੀ ,
ਜ਼ਮੀਰ ਮੇਰਾ ਰੋਜ਼ ਜੀਅ-ਜੀਅ ਮਰਦਾ ਏ।

ਲੀਹਾਂ ਓੜ ਲਿਆ ਮੁੱਖ ਝਾੜੀਆਂ ਦਾ,
ਰੁੱਖਾਂ ਪੱਤਾ-ਪੱਤਾ ਕੁਮਲਾਇਆ ਏ।
ਸੀਨੇ ਛਾਇਆ ਏ ਹਨੇਰਾ ਸਦੀਆਂ ਤੋਂ,
ਹੁਣ ਵੇਖੋ ਕਿਹੜਾ ਚਾਨਣ ਕਰਦਾ ਏ।

ਲੈ ਜਾਇ ਸਾਵਣ ਹੜ੍ਹਾਅ ਇਹਨੂੰ,
ਚਾਹੇ ਆਤਸ਼ ਦੀ ਸੂਲੀ ਚੜ੍ਹ ਜਾਵੇ।
ਸੁੰਨੇ ਰਾਹ ਕਹਾਵਣ ਉਜੜੇ ਰਾਹ ,
ਹਰ ਕੋਈ ਐਸੇ ਰਾਹਾਂ ਤੇ ਲੰਘਣੋਂ ਡਰਦਾ ਏ।

ਮੇਰੇ ਦਿਲ ਦੀਆਂ ਸੁੰਨੀਆਂ ਰਾਹਾਂ ਨੇ,
ਜਿੱਥੇ ਕੋਈ ਨਾ ਖੜ੍ਹਦਾ ਏ।
ਮੁੱਦਤਾਂ ਹੋਈਆਂ ਨੇ ਕਿਸੇ ਦੇ ਲੰਘਿਆਂ ਨੂੰ,
ਕਿਹੜਾ ਗ਼ਮਾਂ ਦੀ ਧੁੱਪੇ ਸੜਦਾ ਏ।

Academy of the Punjab in North America: http://www.apnaorg.com

# ਪਰ ਅਸਾਂ ਨਹੀਓਂ ਬਦਲੇ

ਪਲ-ਪਲ ਹੋਏ ਵਰ੍ਹਿਆਂ 'ਚ ਤਬਦੀਲ,
ਪਰ ਅਸਾਂ ਨਹੀਓਂ ਬਦਲੇ।
ਸੱਜਣ ਸਾਥੋਂ ਨੇ ਹਜ਼ਾਰਾਂ ਮੀਲ,
ਪਰ ਅਸਾਂ ਨਹੀਓਂ ਬਦਲੇ।

ਗਿਆਨ ਨਹੀਂ ਸੀ ਕਿਸੇ ਰੰਗ ਦਾ ਮੈਨੂੰ,
ਅਸਾਂਇਸ਼ਕੇ ਦਾ ਰੰਗ ਮਨ ਨੂੰ ਚੜ੍ਹਾ ਬੈਠੇ।
ਕੀ ਪਤਾ ਸੀ ਮੁੜ ਖਾਲੀ ਨਹੀਓ ਹੋਣਾ,
ਅਸਾਂ ਅਜਨਬੀ ਨੂੰ ਦਿਲ 'ਚ ਮੜ੍ਹਾ ਬੈਠੇ।
ਉਹ ਭੁੱਲੇ ਸਾਨੂੰ ਇਸ਼ਕੇ ਦੇ ਰੰਗ 'ਚ ਰੰਗ ਕੇ,
ਪਰ ਅਸਾਂ ਨਹੀਓਂ ਬਦਲੇ।

ਸਭ ਸੁਪਨੇ ਵਾਂਗ ਹੀ ਲੱਗਦਾ ਏ,
ਜੋ ਨਵੇਂ ਬਣਦੇ ਤੇ ਟੁੱਟਦੇ ਨੇ।
ਖ਼ੁਦ ਨੂੰ ਦਾਅ ਤੇ ਲਾ ਅਹਿਸਾਸ ਹੋਇਆ,
ਜਿੰਦੜੀ ਨਿਮਾਣੀ ਨੂੰ ਲੋਕੀਂ ਕਿਵੇਂ ਲੁੱਟਦੇ ਨੇ।
ਦਰਦ ਪਰਾਇਆਂ ਕੀਤਾ ਚੂਰ-ਚੂਰ ਸਾਨੂੰ,
ਪਰ ਅਸਾਂ ਨਹੀਓਂ ਬਦਲੇ।

Academy of the Punjab in North America: http://www.apnaorg.com

ਉਹ ਯਾਦ ਹੈ ਹਰ ਚਿਹਰਾ ਸਾਨੂੰ,
ਮਾਣ ਜਿੰਨ੍ਹਾਂ ਤੇ ਹੋਇਆ ਕਰਦਾ ਸੀ।
ਅੱਜ ਹਰ ਚਿਹਰਾ ਵਾਂਗ ਪਰਾਇਆਂ ਲੰਘ ਜਾਵੇ,
ਜਿੰਨ੍ਹਾਂ ਖਾਤਰ ਚਾਹੇ ਲੱਖਾਂ ਪੀੜਾਂ ਜਰਦਾ ਸੀ।
ਪਹਿਚਾਣ ਅਸਾਂ ਦੀ ਭਾਵੇਂ ਹੁਣ ਬਦਲ ਗਈ,
ਪਰ ਅਸਾਂ ਨਹੀਓਂ ਬਦਲੇ।

'ਵੀਰ' ਜਿਸ ਜਿੰਦੜੀ ਦਾ ਮਾਣ ਕਰੇ,
ਵਕਤ ਮਾਣ ਸਭਨਾਂ ਦਾ ਤੋੜ ਦਿੰਦਾ ।
ਨਹੀਓਂ ਰਹਿੰਦਾ ਉਹ ਪਿਆਰ ਹਮੇਸ਼ਾ,
ਬਦਲ ਵਕਤ ਸੱਜਣਾਂ ਤੋਂ ਮੁੱਖ ਮੋੜ ਦਿੰਦਾ।
ਵਕਤ ਬਦਲੇ ਚਾਹੇ ਹਾਲਾਤ ਬਦਲਣ,
ਪਰ ਅਸਾਂ ਨਹੀਓਂ ਬਦਲੇ।

Academy of the Punjab in North America: http://www.apnaorg.com

# ਪਛਤਾਵਾ

ਜਿਸ ਬਗੀਚੇ ਵਿੱਚ ਮੈਂ ਰੋਜ਼ ਜਾਇਆ ਕਰਦਾ ਸੀ,
ਹੁਣ ਮੈਨੂੰ ਉਸ ਤੋਂ ਮੁੱਖ ਫੇਰ ਕੇ ਲੰਘਣਾ ਪੈਂਦਾ ਏ।
ਕਿਉਂਕਿ ਸਦੀਆਂ ਦੀਆਂ ਯਾਦਾਂ ਇਸ ਨਾਲ ਜੁੜੀਆਂ ਨੇ,
ਅੱਜ ਵੀ ਉਹਨਾਂ ਯਾਦਾਂ ਨਾਲ ਖ਼ੁਦ ਨੂੰ ਡੰਗਣਾ ਪੈਂਦਾ ਏ।
ਇਸ ਬਗੀਚੇ ਵਿੱਚ ਮੇਰੀ ਇੱਕ ਕਲੀ ਨਾਲ ਮੁਲਾਕਾਤ ਹੋਈ,
ਪਤਾ ਨਾ ਲੱਗਾ ਕਦ ਉਹ ਦਿਲ ਦੀ ਧੜਕਣ ਬਣ ਬੈਠੀ।
ਇਹ ਅੱਖੀਆਂ ਦਾ ਵਹਿਮ ਸੀ ਜਾਂ ਤਕਦੀਰ ਮੇਰੀ,
ਪਤਾ ਨਾ ਲੱਗਾ ਕਦ ਉਹ ਇਸ਼ਕੇ ਦਾ ਤਾਣਾ ਤਣ ਬੈਠੀ।
ਕਿਤੇ ਸੁੱਕ ਨਾ ਜਾਵੇ ਏਸ ਲਈ ਮੈਂ ਤੋੜ ਨਾ ਸਕਿਆ,
ਮੇਰੇ ਵੇਖਦਿਆਂ ਹੀ ਉਹ ਕਲੀ ਕੋਈ ਤੋੜ ਲੈ ਗਿਆ।
ਇੱਕ ਸਦਮਾ ਉਹਦੀ ਜੁਦਾਈ ਦਾ ਮੈਨੂੰ ਖਾਈ ਜਾਂਦਾ ਏ,
ਉਸ ਕਲੀ ਦਾ ਸਾਇਆ ਮੇਰੇ ਦਿਲ ਉੱਤੇ ਪੈ ਗਿਆ।
ਕੁੱਝ ਕਰ ਨਾ ਸਕਿਆ ਤੋੜਨ ਤੋਂ ਮੈਂ ਡਰਦਾ ਸਾਂ,
ਪਰ ਕੀ ਹੱਕ ਸੀ ਮੇਰਾ ਓਹਦੇ ਤੇ?
ਪਛਤਾਵਾ ਏ ਮੈਨੂੰ, ਜੇ ਤੋੜ ਲੈਂਦਾ ਤਾਂ ਉਹ,
ਮੇਰੀ ਕਿਤਾਬ ਵਿੱਚ ਅੱਜ ਮਹਿਕ ਤਾਂ ਰਹੀ ਹੁੰਦੀ।
ਖ਼ੁਸ਼ੀ ਕਿਸੇ ਨੂੰ ਦੇਣ ਲਈ,
ਗ਼ਮ ਸਾਡੇ ਪੱਲੇ ਪੈ ਗਿਆ।
ਚੰਗਾ ਹੁੰਦਾ ਉਹ ਕਲੀ ਕਦੇ ਨਾ ਮਿਲਦੀ,
'ਵੀਰ' ਮੌਤ ਤੋਂ ਵੀ ਵਾਂਝਾ ਰਹਿ ਗਿਆ।

Academy of the Punjab in North America: http://www.apnaorg.com

# ਰੂਹਾਂ ਦੇ ਪਿਆਰੇ

ਜ਼ਿੰਦਗੀ ਦੇ ਪੈਂਡੇ ਜਦ ਹੋ ਜਾਣ ਤੰਗ,
ਮੌਤ ਵਾਲੇ ਪੈਂਡੇ ਫਿਰ ਆਪੇ ਖੁੱਲ ਜਾਂਦੇ ਨੇ।
ਪਿਆਰ ਫਿਰ ਮੌਤ ਨਾ ਹੋ ਜਾਵੇ ਆਪੇ,
ਜਦ ਟੁਕੜੇ ਕਲੇਜੇ ਵਾਲੇ ਮਾਰ ਟੁੱਲ ਜਾਂਦੇ ਨੇ।

ਹੋ ਜਾਵੇ ਧੁੰਦਲੀ ਤਸਵੀਰ ਫਿਰ ਚਾਵਾਂ ਦੀ,
ਜਦ ਦੀਦਾਰ ਵਾਲੀ ਲੜੀ ਟੁੱਟ ਜਾਂਦੀ ਏ।
ਕਿੰਨਾ ਚਿਰ ਯਾਦ ਕੋਈ ਰੱਖਦਾ ਕਿਸੇ ਨੂੰ,
ਆਖਰ ਸਭ ਭੁੱਲ ਜਾਂਦੇ ਨੇ।

ਬਦਲੇ ਰਾਹਾਂ ਤੇ ਚੱਲਦੀ ਏ ਜ਼ਿੰਦਗੀ,
ਜ਼ਿੰਦਗੀ ਦੇ ਰਾਹ ਬਦਲਦੇ ਹੀ ਰਹਿੰਦੇ ਨੇ।
ਬਲਦੇ ਨਾ ਰਹਿੰਦੇ ਪਿਆਰ ਦੇ ਚਿਰਾਗ,
ਵਕਤ ਦੇ ਨਾਲ ਏਹੋ ਗੁੱਲ ਜਾਂਦੇ ਨੇ।

ਪੌਣ ਬੇਰੁਖੀ ਸਹਾਰਦੀ ਨਾ ਜ਼ਿੰਦਗੀ,
ਜਕੜੇ ਹੋਇਆਂ ਨੂੰ ਉਖਾੜ ਹੀ ਦਿੰਦੀ ਏ।
ਮੱਠੀ-ਮੱਠੀ ਹੋਵੇ ਸੀਨੇ ਫਿਰ ਪੀੜ ਯਾਰੋ,
ਪਿਆਰ ਦੇ ਰੁੱਖ ਜਦ ਗ਼ਮਾਂ ਚ ਝੁੱਲ ਜਾਂਦੇ ਨੇ ।

Academy of the Punjab in North America: http://www.apnaorg.com

ਪਰਾਇਆਂ ਵਾਂਗ ਲੱਗੇ ਤਨ ਫਿਰ ਆਪਣਾ,
ਪਹਿਰੇ ਪੀੜਾਂ ਦੇ ਜਦ ਹੋ ਜਾਂਦੇ ਨੇ।
ਮੰਨਦੇ ਨਾ ਕਹਿਣਾ ਫਿਰ ਨੈਣ ਮਰਜਾਣੇ,
ਵਹਿਣ ਲਈ ਪਿਆਰ ਏਹੋ ਖੁੱਲ ਜਾਂਦੇ ਨੇ।

ਵਗਦੇ ਪਾਣੀਆਂ ਨੂੰ ਮਿਲੇ ਨਾ ਕਿਨਾਰਾ,
ਸਾਰੀ ਹੀ ਜ਼ਿੰਦਗੀ ਵਗਦੇ ਹੀ ਰਹਿੰਦੇ ਨੇ।
ਸਕਿਆ ਨਾ ਕਰ ਕੋਈ ਕਦੇ ਮੁੱਲ ਏਸ ਦਾ,
ਜੋ ਹੰਝੂ ਏਹ ਪਰਾਇਆਂ ਲਈ ਡੁੱਲ ਜਾਂਦੇ ਨੇ।

ਦੁਨੀਆਂ ਦੇ ਦਿਲ ਵਾਲੇ ਰਾਹ ਸਾਰੇ ਤੰਗ ਨੇ,
ਮਿਲਿਆ ਨਾ ਰਾਹ ਕਿਸੇ ਦਿਲ ਤੱਕ ਜਾਣ ਦਾ।
ਕੇਹੀ ਬੇਦਿਲੀ ਬਣਾਈ ਦੁਨੀਆਂ ਹੇ ਰੱਬਾ ?
ਜਿੱਥੇ ਰਿਸ਼ਤੇ ਵੀ ਲਏ ਮੁੱਲ ਜਾਂਦੇ ਨੇ।

ਮਾਰ ਗਏ ਤਮੰਨਾ ਦਿਲ ਦੇ ਕਰੀਬੀ,
ਬਚੀ ਹੋਈ ਜ਼ਿੰਦਗੀ ਕਿਹਦੇ ਲਈ ਰੱਖੀਏ।
ਰਿਹਾ ਨਾ ਯਕੀਨ ਆਪਣੇ ਪਿਆਰਿਆਂ ਤੇ,
ਚੋਭ ਪਹਿਲਾਂ ਕੰਡੇ ਫਿਰ ਬਣ ਫੁੱਲ ਜਾਂਦੇ ਨੇ।

ਛੱਡ ਅਸਾਂ ਦੁਨੀਆਂ ਗ਼ਮਾਂ ਨੂੰ ਅਪਨਾਅ ਲਿਆ,
ਕੁੱਝ ਮਜ਼ਬੂਰੀਆਂ ਲਈ ਜ਼ਿੰਦਾ ਰਹਿਣਾ ਬਾਕੀ ਏ।
ਕੌਡੀਆਂ 'ਚ ਮੁੱਲ ਪਵੇ ਓਸ ਮਰਜਾਣੇ ਦਾ,
ਪੀੜਾਂ ਦੀ ਤੱਕੜੀ 'ਚ ਜਿਹੜੇ ਤੁੱਲ ਜਾਂਦੇ ਨੇ।

Academy of the Punjab in North America: http://www.apnaorg.com

ਕਿਸੇ ਨਾ ਰਿਹਾ ਅਹਿਸਾਸ ਸਾਡੀ ਜ਼ਿੰਦਗੀ ਦਾ,
ਫਿਰ ਵੀ ਉਨਾਂ ਲਈ ਪਿਆਰ ਅਜੇ ਬਾਕੀ ਏ।
ਘਰ ਪੀੜਾਂ ਦਾ ਬਣਾਵੇ ਖ਼ਿਆਲ ਫਿਰ ਸੱਜਣਾਂ ਦੇ,
ਚਿਹਰੇ ਇੰਨ੍ਹਾਂ ਦੇ ਜਦ ਰਕਤੀਂ ਘੁੱਲ ਜਾਂਦੇ ਨੇ।

ਬਣ ਕੇ ਚਿਰਾਗ ਅਸਾਂ ਬਲਦੇ ਹੀ ਰਹਿ ਗਏ,
ਹੋਰ ਹੋ ਜਾਏ ਨੂਰ ਅਸਾਂ ਖੁਦ ਨੂੰ ਜਲਾ ਲਿਆ।
ਕਿਸੇ-ਕਿਸੇ ਹੁੰਦਾ ਬਸ ਪੀੜਾਂ ਨੂੰ ਹੰਢਾਉਣਾ,
ਰੂਹਾਂ ਦੇ ਪਿਆਰੇ ਅਕਸਰ ਰੁੱਲ ਜਾਂਦੇ ਨੇ।

ਹਸਰਤ ਹੀ ਨਾ ਰਹੇ ਜਦ ਜਿਉਣ ਦੀ,
ਦਿਖਾਵਾ ਜਿਉਣ ਦਾ ਦਿਖਾ ਕੇ ਕੀ ਕਰੀਏ।
ਮੌਤ ਵਾਲਾ ਪਾਣੀ ਘੇਰਾ ਫਿਰ ਪਾ ਲੈਂਦਾ,
ਜ਼ਿੰਦਗੀ ਦੇ ਜਦ ਟੁੱਟ ਪੁੱਲ ਜਾਂਦੇ ਨੇ।

ਜ਼ਿੰਦਗੀ ਦੇ ਪੈਂਡੇ ਜਦ ਹੋ ਜਾਣ ਤੰਗ,
ਮੌਤ ਵਾਲੇ ਪੈਂਡੇ ਫਿਰ ਆਪੇ ਖੁੱਲ੍ਹ ਜਾਂਦੇ ਨੇ।
ਪਿਆਰ ਫਿਰ ਮੌਤ ਨਾ ਹੋ ਜਾਵੇ ਆਪੇ,
ਜਦ ਟੁਕੜੇ ਕਲੇਜੇ ਵਾਲੇ ਮਾਰ ਟੁੱਲ ਜਾਂਦੇ ਨੇ।

Academy of the Punjab in North America: http://www.apnaorg.com

# ਯਾਦਾਂ ਦੀ ਤਸਵੀਰ

ਕੁੱਝ ਅੰਸ਼ ਬਣ ਜਾਂਦੇ ਨੇ ਸਾਹਾਂ ਦੇ,
ਉਹ ਮਨ 'ਚ ਵਸਾਈ ਫਿਰਦੇ ਹਾਂ।
ਉਮਰੋਂ ਲੰਮੇ ਪੈਂਡੇ ਇਸ਼ਕੇ ਦੇ,
ਥਾਂ-ਥਾਂ ਠੋਕਰਾਂ ਖਾਈ ਗਿਰਦੇ ਹਾਂ।

ਜ਼ਖਮ ਹਿਜਰ ਦੇ ਰੜਕਣ,
ਕਟਾਰ ਨੈਣਾਂ ਦੇ ਜਦ ਚੁੱਭਦੇ ਨੇ।
ਯਾਦਾਂ ਦੀ ਤਸਵੀਰ ਹੀ ਕਾਫੀ ਐ,
ਦੀਦ ਖਾਤਿਰ ਹੰਝੂਆਂ 'ਚ ਘਿਰਦੇ ਹਾਂ।

ਖਬਰ ਨਾ ਸਾਨੂੰ ਇਸ਼ਕੇ ਦੀ ਕੋਈ,
ਅੱਕੜੇ ਹਾਂ ਅਸਾਂ ਚੋਈਆਂ ਦੇ।
ਇਸ਼ਕੇ ਦਾ ਅਸਾਂ ਫੜ ਕੇ ਪਲੜਾ,
ਚੱਪਣੀਆਂ ਸਹਾਰੇ ਰਿੜ੍ਹਦੇ ਹਾਂ।

ਚਾਨਣ ਦੀ ਇੱਕ ਰਾਤ ਆਏਗੀ,
ਹਨੇਰ ਅਸਾਂ ਹੰਢਾਉਂਦੇ ਰਹੇ।
ਪੀੜਾਂ ਸਹਿ ਅਸਾਂ ਪੱਥਰ ਬਣੇ,
ਚਾਨਣ ਤੋਂ ਅਸਾਂ ਚਿੜਦੇ ਹਾਂ।

Academy of the Punjab in North America: http://www.apnaorg.com

ਹੁਸਨ ਸੁਗੰਧੀਆਂ ਲੈ ਗਿਆ ਕੋਈ,
ਪੁਤਲਾ ਮਿੱਟੀ ਕਿਸੇ ਕੀ ਕਰਨਾ।
ਕੁਸੈਲੇ ਫੁੱਲ ਅਸਾਂ ਬੰਜਰ ਬਾਗ ਦੇ,
ਜੋ ਮੁੜ-ਮੁੜ ਔੜਾਂ 'ਚ ਖਿੜਦੇ ਹਾਂ।

ਐਸੀ ਆਸ ਰੱਬਾ ਰੱਖ ਸਿਰਹਾਣੇ,
ਤਮਾਸ਼ਾ ਖੇਡ ਜਾਵਾਂ ਦੁਨੀਆਂ ਦਾ।
ਪੀੜ ਹਿਜ਼ਰ ਦੀ ਸਿੰਮਣੋਂ ਹਟ ਜਾਵੇ,
ਰੋਜ਼ ਅਸਾਂ ਜੋ ਦਿਲੋਂ ਤਿੜਦੇ ਹਾਂ।

Academy of the Punjab in North America: http://www.apnaorg.com

# ਸ਼ਾਇਦ……….!

ਭਟਕੀ ਫਿਰੇ ਕਿਸ਼ਤੀ ਅਸਾਂ ਦੀ,
ਸ਼ਾਇਦ ਕੋਈ ਕਿਨਾਰਾ ਮਿਲ ਜਾਵੇ।
ਜੋ ਦਿਲ ਚਿਰਾਂ ਤੋਂ ਜ਼ਖਮੀ ਏ,
ਸ਼ਾਇਦ ਉਹ ਵੀ ਕਿਤੇ ਸਿਲ ਜਾਵੇ।

ਮੈਂ ਆਸ ਚਿਰਾਂ ਤੋਂ ਲਗਾਈ ਬੈਠਾ ਹਾਂ,
ਕੋਈ ਅਜਨਬੀ ਜ਼ਿੰਦਗੀ 'ਚ ਆ ਜਾਵੇ।
ਫਸੀ ਹੋਈ ਜੋ ਜਾਨ ਮੁੱਦਤਾਂ ਤੋਂ,
ਸ਼ਾਇਦ ਕੋਈ ਜੱਗ ਤੋਂ ਅਜ਼ਾਦ ਕਰਾ ਜਾਵੇ।

ਮੈਂ ਸੋਚਦਾ ਰਾਤ ਦਿਨ ਰਹਿੰਦਾ ਹਾਂ,
ਕੋਈ ਖ਼ਿਆਲ ਹੀ ਮਨ 'ਚ ਆ ਜਾਵੇ।
ਹਾਲ ਹੋਵੇ ਜਿਸ 'ਚ ਅਗਲੇ ਵਕਤ ਦਾ,
ਸ਼ਾਇਦ ਸਾਡੀ ਮੌਤ ਤੇ ਪਰਦਾ ਪਾ ਜਾਵੇ।

ਜੇਕਰ ਏਹੀ ਰਿਹਾ ਹੁਣ ਹਾਲ ਸਾਡਾ,
ਦਗਾ ਜ਼ਿੰਦਗੀ ਅਸਾਂ ਨਾਲ ਕਰ ਜਾਵੇ।
ਜੇ ਰੱਖਣਾ ਚਾਹਿਆ ਸਾਨੂੰ ਖ਼ੁਦਾ ਨੇ,
ਸ਼ਾਇਦ ਜ਼ਿੰਦੜੀ ਸਾਰੇ ਹੀ ਦੁੱਖ ਜਰ ਜਾਵੇ।

ਸੋਚ ਅਸਾਂ ਦੀ ਜੇਕਰ ਬਦਲ ਗਈ,
ਸ਼ਾਇਦ ਆਸ ਜੀਊਣ ਦੀ ਮਰ ਜਾਵੇ।
ਪਲ-ਪਲ ਨਾਮ ਖ਼ੁਦਾ ਦਾ ਜਪਦੇ ਹਾਂ,
ਸ਼ਾਇਦ ਜ਼ਿੰਦੜੀ ਖ਼ੁਦਾ ਸਹਾਰੇ ਤਰ ਜਾਵੇ।

Academy of the Punjab in North America: http://www.apnaorg.com

# ਰੁੱਤ ਸੁਵੰਨੀ

ਰੁੱਤ ਸੁਵੰਨੀ ਆਉਣ ਦੀ ਦਿਲ ਆਸ ਕਰਦਾ ਏ,
ਤਾਹੀਓਂ ਸਾਡਾ ਦਿਲ ਚੰਦਰਾ ਲੱਖਾਂ ਪੀੜਾਂ ਜਰਦਾ ਏ।
ਤੁਰਦੇ ਅੱਕ ਗਏ ਹਾਂ ਬਿਨਾਂ ਮੰਜ਼ਲ ਦੀਆਂ ਰਾਹਾਂ ਤੇ,
ਗਮਾਂ ਦੀ ਅੱਗ 'ਚ ਤਨ ਸਾਡਾ ਐਵੇਂ ਪਿਆ ਸੜਦਾ ਏ।

ਵਾਂਗ ਪਹੇਲੀ ਨੇ ਤਕਦੀਰਾਂ ਖੇਡ ਅੱਲਾਂ ਦਾ,
ਹਰ ਰੋਜ਼ ਕੋਈ ਜਿੱਤਦਾ ਤੇ ਕੋਈ ਹਰਦਾ ਏ।
ਸਕਿਆ ਨਾ ਮੇਟ ਕੋਈ ਏਸ ਤਕਦੀਰਾਂ ਨੂੰ,
ਸਜ਼ਾ ਕੀਤੇ ਗੁਨਾਹਾਂ ਦੀ ਅੰਤ ਭਰਦਾ ਏ।
ਹੋਈ ਨਾ ਅਜੇ ਤੀਕ ਕਿਸੇ ਪਹਿਚਾਣ ਸਾਡੀ,
ਕਿੰਨਾ ਦਰਦ ਸਾਡਾ ਰੋਜ਼ ਹੰਝੂਆਂ 'ਚ ਹੜ੍ਹਦਾ ਏ।

ਅਣਜਾਣ ਹੈ ਸਾਡੇ ਲਈ ਏ ਦੁਨੀਆਂ ਸਾਰੀ,
ਇਹ ਕੀ ਜਾਣੇ ਕੌਣ ਜਿਉਂਦਾ ਕੌਣ ਮਰਦਾ ਏ?
ਰੁੱਤ ਸੁਵੰਨੀ ਆਉਣ ਦੀ ਦਿਲ ਆਸ ਕਰਦਾ ਏ,
ਤਾਹੀਓਂ ਸਾਡਾ ਦਿਲ ਚੰਦਰਾ ਲੱਖਾਂ ਪੀੜਾਂ ਜਰਦਾ ਏ।

ਕਿਉਂ ਸਾਕੀ ਕੀਤੀ ਬੇਵਫ਼ਾਈ ਸਾਡੇ ਨਾਲ ਤੂੰ,
ਬੇਵਫ਼ਾ ਸਮਝ ਖ਼ੁਦ ਨੂੰ ਦਿਲ ਸਾਡਾ ਲੜਦਾ ਏ।
ਨਹੀਓਂ ਸੀ ਲੋੜ ਕੋਈ ਪਰਦਾ ਤੈਨੂੰ ਪਾਉਣ ਦੀ,
ਠੋਕਰਾਂ ਖਾ ਦਿਲ ਭਾਸ਼ਾ ਨੈਣਾਂ ਦੀ ਪੜ੍ਹਦਾ ਏ।

Academy of the Punjab in North America: http://www.apnaorg.com

ਨਸ਼ਾ ਉਡਾਰੀ ਅੰਬਰਾਂ ਦੀ ਐਸਾ ਮਨ ਨੂੰ ਲਾ ਦੇਵੇ,
ਵਿੱਚ ਵਗਦੇ ਪਾਣੀਆਂ ਕੌਣ ਫਿਰ ਤਰਦਾ ਏ।
ਓਸ ਰੁੱਤੇ ਆਣ ਅਸਾਂ ਅੱਜ ਖਲੋਏ ਹਾਂ,
ਜਿਸ ਰੁੱਤੇ ਰੁੱਖਾਂ ਦਾ ਪੱਤਾ-ਪੱਤਾ ਝੜ੍ਹਦਾ ਏ।

ਰੁੱਤ ਸੁਵੰਨੀ ਆਉਣ ਦੀ ਦਿਲ ਆਸ ਕਰਦਾ ਏ,
ਤਾਹੀਓਂ ਸਾਡਾ ਦਿਲ ਚੰਦਰਾ ਲੱਖਾਂ ਪੀੜਾਂ ਜਰਦਾ ਏ।
ਤੁਰਦੇ ਅੱਕ ਗਏ ਹਾਂ ਬਿਨਾਂ ਮੰਜ਼ਲ ਦੀਆਂ ਰਾਹਾਂ ਤੇ,
ਗਮਾਂ ਦੀ ਅੱਗ 'ਚ ਤਨ ਸਾਡਾ ਐਵੇਂ ਪਿਆ ਸੜਦਾ ਏ।

Academy of the Punjab in North America: http://www.apnaorg.com

# ਤਬਦੀਲੀ

ਦਿਨਾਂ 'ਚ ਹੀ ਮਸਰੂਫ ਨੇ ਸਾਰੇ,
ਕੌਣ ਲੈਂਦਾਂ ਏ ਖ਼ਬਰ ਠੰਡੀਆਂ ਰਾਤਾਂ ਦੀ।
ਵਕਤ ਬਦਲਿਆ ਜਾਂ ਬਦਲੀਆਂ ਰੂਹਾਂ ਨੇ,
ਰਹੀ ਕਦਰ ਨਾ ਕਿਸੇ ਦੇ ਜਜ਼ਬਾਤਾਂ ਦੀ।

ਕਿੱਥੇ ਗਏ ਉਹ ਧਿਆਉਣ ਵਾਲੇ ਗੁਸਾਂਈ ਨੂੰ,
ਅੱਜ ਲੈਂਦਾਂ ਹੈ ਕੌਣ ਸੁਗੰਧੀ ਪ੍ਰਭਾਤਾਂ ਦੀ।
ਖੁਦ 'ਚ ਹੀ ਖੁਸ਼ ਨੇ ਨਵੀਂ ਪੀੜ੍ਹੀ ਦੇ ਸਾਰੇ,
ਯਾਦ ਰੱਖਦਾ ਹੈ ਕੌਣ ਪਿਛਲੇ ਹਾਲਾਤਾਂ ਦੀ।

ਕਿੱਥੇ ਗਏ ਉਹ ਰੁੱਖਾਂ ਦੇ ਝੁੰਡ ਸਾਰੇ,
ਨਾਲੇ ਉਨ੍ਹਾਂ ਰੁੱਖਾਂ ਦੀਆਂ ਠੰਡੀਆਂ ਛਾਂਵਾਂ।
ਕੀ ਲੈਣਾ ਇਨ੍ਹਾਂ ਕੁਦਰਤੀ ਵਸਤਾਂ ਤੋਂ,
ਗਏ ਨੇ ਭੁੱਲ ਇਹ ਆਪਣੀਆਂ ਹੀ ਮਾਵਾਂ।

ਕਿੱਥੇ ਗਈ ਉਹ ਇਨ੍ਹਾਂ ਦੀ ਭਗਤੀ ਸਾਰੀ,
ਪੂਜਦੇ ਸੀ ਹੁੰਦੇ ਜੋ ਮਾਂ ਦੇ ਸਮਾਨ ਗਾਵਾਂ।
ਕਿੱਥੇ ਗਏ ਉਹ ਅੱਲਾ ਦੇ ਕੁਦਰਤੀ ਨਜ਼ਾਰੇ,
ਔਖਾ ਹੋ ਗਿਆ ਸਾਹ ਲੈਣਾ ਕੁਦਰਤੀ ਹਵਾਵਾਂ।

Academy of the Punjab in North America: http://www.apnaorg.com

# ਤੇਰੀ ਯਾਦ

ਅੱਜ ਵੀ ਲੱਭਦਾ ਫਿਰਾਂ ਮੈਂ
ਖੋਇਆ ਇਸ਼ਕੇ ਵਾਲਾ ਤਾਰਾ ਵੇ।
ਉੱਤੋਂ ਰਾਤ ਚਾਨਣ ਬਖੇਰੇ
ਕੇਹਾ ਲਾਇਆ ਸਾਨੂੰ ਲਾਰਾ ਵੇ।
ਥੱਕੇ ਨੇ ਨੈਣ ਤੱਕਦੇ ਅੰਬਰੀਂ
ਢੋਇਆ ਅੰਬਰ ਅਸਾਂ ਸਾਰਾ ਵੇ।
ਦੀਦ ਬਗੈਰ ਦਿਲ ਵੀ ਤੜਫੇ
ਸਾਡਾ ਚੱਲੇ ਨਾ ਕੋਈ ਚਾਰਾ ਵੇ।
ਕੋਈ ਨਾ ਸਾਡਾ ਦਰਦ ਵੰਡਾਵੇ
ਸਾਨੂੰ ਕਿਸੇ ਕੀ ਸਹਾਰਾ ਵੇ।
ਪੀੜਾਂ ਦੇ ਹੜ੍ਹ ਸਦੀਓਂ ਵਗਦੇ
ਲੱਭਿਆ ਮਿਲੇ ਨਾ ਕਿਨਾਰਾ ਵੇ।
ਕਦਰ ਕੋਈ ਵਿਰਲਾ ਹੀ ਜਾਣੇ
ਵੈਸੇ ਵਸਣ ਹੋਰ ਹਜ਼ਾਰਾਂ ਵੇ।
ਇਸ਼ਕੇ ਨੇ ਸਾਰੀ ਦੁਨੀਆਂ ਰੰਗੀ
ਵਿੱਚ ਵੱਖੋ-ਵੱਖ ਕਤਾਰਾਂ ਵੇ।
ਰੂਹਾਂ ਦੇ ਸੌਦੇ ਏਹੋ ਇਸ਼ਕੇ ਵਾਲੇ
ਕਦੇ ਹੋਣ ਨਾ ਵਿੱਚ ਬਜ਼ਾਰਾਂ ਵੇ।
ਹੋ ਪਰਾਇਆ ਤੂੰ ਸਾਥੋਂ ਵੇ ਸੱਜਣਾਂ
ਹੜ੍ਹ ਵਹਾਇਓ ਨੈਣੀਂ ਖਾਰਾ ਵੇ।
ਖਾਰ ਸੀਨਾ ਲੈ ਮੌਤ ਵੱਲ ਚੱਲਿਓਂ
ਯਾਦ ਤੇਰੀ ਦਾ ਪਾਰਾ ਵੇ।

Academy of the Punjab in North America: http://www.apnaorg.com

# ਉਡੀਕ

ਅੱਜ ਵੀ ਤੇਰੀ ਦੀਦ 'ਚ ਅੜਿਆ,
ਬੈਠੇ ਰਾਹਾਂ 'ਚ ਪਲਕਾਂ ਵਿਛਾਈ ਵੇ।
ਚੰਨ,ਤਾਰਿਆਂ ਸੰਗ ਰਾਤ ਬਿਤਾਵਾਂ,
ਸਾਡਾ ਰੋਮ-ਰੋਮ ਹੋਇਓ ਕਰਜ਼ਾਈ ਵੇ।

ਮੈਂ ਤਨਹਾਈ ਦੇ ਸ਼ਹਿਰ ਕੈਦ ਹੋਇਓਂ,
ਜੋ ਜਿਉਂਦਿਆਂ ਦੀ ਸਾਰ ਨਾ ਜਾਣੇ।
ਜ਼ਾਲਮ ਨੇ ਏਸ ਸ਼ਹਿਰ ਦੇ ਲੋਕੀਂ,
ਮਰਨ ਪਿੱਛੋਂ ਵੀ ਮਿਲਣੀ ਨਾ ਰਿਹਾਈ ਵੇ।

ਰਾਤ ਭਰ ਇਸ਼ਕੇ ਦੇ ਹਰਫ਼ ਲਿਖਾਂ,
ਲੈ ਹੰਝੂਆਂ ਦੀਆਂ ਬੂੰਦਾਂ ਵੇ ਸੱਜਣਾਂ।
ਇਹ ਇਸ਼ਕੇ ਦੇ ਹਰਫ਼ ਨਹੀਓਂ ਮੁੱਕਦੇ,
ਰੋਜ਼ ਥੁੜ ਜਾਵੇ ਹੰਝੂਆਂ ਦੀ ਸਿਆਹੀ ਵੇ।

ਮੌਤ ਹੈ ਮੇਰੇ ਗੀਤਾਂ ਦੀ ਪਾਤਰ,
ਜੋ ਨਿੱਤ ਪੀੜਾਂ ਦੀ ਸੂਲੀ ਟੰਗੇ ਵੇ।
ਭੌਰ ਜਿੰਦੜੀ ਦਾ ਨਿੱਤ ਹੈ ਮਰਦਾ,
ਜਿੰਦੜੀ ਦੇ ਬਾਗ ਦੀ ਮੌਤ ਕਰੇ ਤਬਾਹੀ ਵੇ

Academy of the Punjab in North America: http://www.apnaorg.com

ਤਾਂਘ ਹੈ ਮੈਨੂੰ ਜਿਸ ਰੂਹ ਦੀ ਨੀ,
ਉਹ ਰੂਹ ਮੇਰੇ ਸਾਹੀਂ ਬਸ ਜਾਵੇ ਵੇ।
ਐਸਾ ਨਸ਼ਾ ਰਚੇ ਮੇਰੇ ਹੱਡੀਂ,
ਮੈਨੂੰ ਲੋਕੀਂ ਕਹਿਣ ਸ਼ੁਦਾਈ ਵੇ।

ਲੇਖ ਜ਼ਿੰਦਗੀ ਦੇ ਮਿਟ ਜਾਵਣ ਮੇਰੇ,
ਕੱਚੇ ਨਾਤੇ ਜੱਗ ਤੋਂ ਟੁੱਟ ਜਾਵਣ ਮੇਰੇ।
ਅੱਠੇ ਪਹਰ ਓਹਦੀ ਸ਼ਰਨ 'ਚ ਬੈਠਾਂ,
ਜਾਵਾਂ ਇੱਕ ਦਾ ਨਾਮ ਧਿਆਈ ਵੇ।

ਮੈਂ ਐਸੀ ਚੌਂਕੀ ਭਰ ਬੈਠਾ ਨੀ ,
ਬਣੇ ਸਿਆਹੀ ਰਾਤ ਚਾਨਣੀ ।
ਟੁੱਟ ਜਾਵੇ ਨਾਮ ਮੇਰੇ ਦਾ ਤਾਰਾ ਅੰਬਰੋਂ ,
'ਵੀਰ' ਨਾਲੋਂ ਹੋ ਜਾਵੇ ਰੂਹ ਪਰਾਈ ਵੇ।

Academy of the Punjab in North America: http://www.apnaorg.com

# ਉੱਜੜੇ ਰਾਹ

ਅਸੀਂ ਦੇਖ ਲਏ ਰੰਗ ਇਸ ਦੁਨੀਆਂ ਦੇ,
ਹੁਣ ਦੁਨੀਆਂ ਵਿੱਚ ਰਹਿ ਕੇ ਕੀ ਕਰੀਏ।
ਕੋਈ ਮਿਲਿਆ ਨੀ ਦੁੱਖੜੇ ਵੰਡਾਉਣ ਵਾਲਾ,
ਇਕੱਲੇ ਦਰਦਾਂ ਨੂੰ ਸਹਿ ਕੇ ਕੀ ਕਰੀਏ।
ਪੈਰ-ਪੈਰ ਤੇ ਧੋਖੇ ਮਿਲੇ ਜਿਨ੍ਹਾਂ ਸੱਜਣਾਂ ਤੋਂ,
ਉਹਨਾਂ ਸੱਜਣਾਂ ਕੋਲ ਬਹਿ ਕੇ ਕੀ ਕਰੀਏ।

ਆਸ ਹੀ ਜਿਉਣ ਦੀ ਮਰ ਗਈ ਸਾਡੀ,
ਨਾ ਕੋਈ ਸ਼ੌਕ ਰਿਹਾ ਹੁਣ ਯਾਰਾਂ ਨੂੰ ।
ਉੱਜੜੇ ਘਰ ਵਾਂਗ ਹੈ ਜ਼ਿੰਦਗੀ ਸਾਡੀ,
ਉਡੀਕ ਰਿਹਾ ਹੈ ਜਿਹੜਾ ਬਹਾਰਾਂ ਨੂੰ।

ਪੈ ਗਏ ਹਾਂ ਅਸੀਂ ਐਸੇ ਰਾਹਾਂ ਤੇ,
ਕੋਈ ਮੰਜ਼ਿਲ ਨਹੀ ਜਿਨ੍ਹਾਂ ਰਾਹਾਂ ਦੀ।
ਜਿਨ੍ਹਾਂ ਸਹਾਰੇ ਅਸੀਂ ਤੁਰਦੇ ਜਾਈਏ,
ਕੋਈ ਖਬਰ ਵੀ ਨਹੀ ਇਨ੍ਹਾਂ ਸਾਹਾਂ ਦੀ।

ਕੈਸੇ ਮੋੜ ਤੇ ਆ 'ਵੀਰ' ਭਟਕ ਗਿਆ,
ਨਾ ਕੋਈ ਰਾਹ ਦਿਸੇ ਨਾ ਟਿਕਾਣਾ ਨੀ।
ਨਾ ਰਾਹ ਏਸ ਕੋਈ ਲੰਘ ਰਿਹਾ ,
ਨਾ ਪਤਾ ਇਹ ਕਿੱਧਰ ਨੂੰ ਜਾਣਾ ਨੀ।

Academy of the Punjab in North America: http://www.apnaorg.com

# ਮੇਰੀ ਮਾਂ ਬੋਲੀ

ਮੇਰੀ ਮਾਂ ਬੋਲੀ
ਮੇਰੇ ਦਿਲ 'ਚ ਵੱਸੇ,
ਮੇਰੀ ਮਾਂ ਦੀ ਲੋਰੀ
ਅੱਜ ਵੀ ਖਿੜ-ਖਿੜ ਹੱਸੇ।
ਮੈਂ ਇਸ 'ਚ ਜਨਮਿਆਂ,
ਮੈਂ ਇਸ 'ਚ ਪਲਿਆ,
ਮੈਂ ਇਸ 'ਚ ਖੇਡਿਆ,
ਮੈਂ ਇਸ 'ਚ ਪੜ੍ਹਿਆ।
ਮੇਰੀ ਮਾਂ ਬੋਲੀ
ਮੇਰੇ ਹਰ ਪਲ ਨਾਲ ਹੈ,
ਮੈਂ ਜੋੜ-ਜੋੜ ਇਹਦੇ ਲਫ਼ਜ਼ਾਂ ਨੂੰ
ਪਿਆਰ ਦਾ ਹਾਰ ਪ੍ਰੋਣਾਂ ਚਾਹੁੰਦਾ ਹਾਂ।
ਅਲੋਪ ਵੱਲ ਜਾਂਦੇ ਰਾਹਾਂ ਨੂੰ
ਮੈਂ ਜ਼ਿੰਦਰੇ ਲਾਉਂਣਾ ਚਾਹੁੰਦਾ ਹਾਂ।
ਕਿਤੇ ਭੁੱਲ ਨਾ ਜਾਵੇ ਪੰਜਾਬੀ ਕੋਈ
ਮੈਂ ਹਰ ਦਿਲ 'ਚ ਪੰਜਾਬੀ ਦਾ
ਬੀਜ ਸਿੰਜਾਉਂਣਾ ਚਾਹੁੰਦਾ ਹਾਂ।
ਮਾਂ ਪੰਜਾਬੀ ਦੇ ਚਰਨਾਂ 'ਚ
ਦੀਵੇ ਬਾਲ-ਬਾਲ
ਜੱਗ ਅੰਦਰ ਰੁਸ਼ਨਾਉਂਣਾ ਚਾਹੁੰਦਾ ਹਾਂ।
ਦਿਲ ਤੋਂ ਲਿਖੀਆਂ ਗਈਆਂ ਸਤਰਾਂ ਨੂੰ
ਮਾਂ ਬੋਲੀ ਸੰਗ ਗਾਉਂਣਾ ਚਾਹੁੰਦਾ ਹਾਂ।

Academy of the Punjab in North America: http://www.apnaorg.com

ਮੈਂ ਕੀ ਵੇਖ ਰਿਹਾ ਹਾਂ!
ਅੱਜ ਪੰਜਾਬੀ ਆਪਣੀ ਮਾਂ ਨੂੰ ਠੁਕਰਾਅ ਰਿਹਾ ਏ।
ਹੋਰ ਮਾਂ ਨੂੰ ਆਪਣੀ ਬਣਾ ਰਿਹਾ ਏ
ਆਪਣੀ ਮਾਂ ਨੂੰ ਠੁਕਰਾਉਂਣ ਵਾਲਾ
ਕਿਸੇ ਹੋਰ ਮਾਂ ਨੂੰ ਵੀ
ਆਪਣੇ ਫਾਇਦੇ ਲਈ ਠੁਕਰਾਅ ਸਕਦਾ ਏ।
ਪਰ ਇਹ ਸੱਚ ਹੈ
ਆਖਰ ਮਾਂ ਤਾਂ ਮਾਂ ਹੀ ਹੁੰਦੀ ਏ
ਮਾਂ ਦਾ ਦਿਲ ਤਾਂ ਸਾਗਰ ਹੁੰਦਾ ਏ
ਆਪਣੇ ਵਾਰਸਾਂ ਨੂੰ
ਮਾਂ ਮੁੜ ਅਪਣਾਅ ਲਵੇਗੀ।
ਪੰਜਾਬੀ ਦਿਓ ਵਾਰਸੋ
ਆਪਣੀ ਮਾਂ ਨੂੰ ਨਾ ਭੁੱਲ ਜਾਇਓ।
ਇਹਦੇ ਸੋਹਣੇ ਵਿਰਸੇ ਨੂੰ
ਕਦੇ ਨਾ ਠੁਕਰਾਇਓ।
ਆਪਣੀ ਮਾਂ ਤੋਂ ਬਗੈਰ
ਕੱਖਾਂ 'ਚ ਨਾ ਰੁੱਲ ਜਾਇਓ।
ਗੁਰੂਆਂ, ਪੀਰਾਂ ਤੇ ਫ਼ਕੀਰਾਂ ਨੇ
ਆਪਣੇ ਸੋਹਣੇ ਵਚਨਾਂ ਲਈ
ਮੇਰੀ ਮਾਂ ਬੋਲੀ ਨੂੰ ਚੁਣਿਆ
ਤੇ ਸਾਂਝੀ ਵਾਰਤਾ ਦਾ ਪੈਗ਼ਾਮ ਬੁਣਿਆ।
ਮੈਂ ਮਾਂ ਬੋਲੀ ਪੰਜਾਬੀ ਨੂੰ
ਕੋਟਿ-ਕੋਟਿ ਪ੍ਰਣਾਮ ਕਰਦਾ ਹਾਂ
ਤੇ ਸਭਨਾ ਭਾਸ਼ਾਵਾਂ ਦਾ ਸਤਿਕਾਰ ਕਰਦਾ ਹਾਂ।

Academy of the Punjab in North America: http://www.apnaorg.com

# ਉਧਾਰਾ ਗੀਤ

ਅੱਜ ਮੈਂ ਤੇਰੀ ਬਿਰਹੋਂ ਤੋਂ।
ਗੀਤ ਉਧਾਰਾ ਮੰਗਦਾ ਹਾਂ।
ਵਕਤ ਦੇ ਉਦਾਸ ਪਲਾਂ 'ਚ ਮੰਗਦਾ ਰਹਾਂਗਾ।
ਤੇ ਆਪਣੀ ਕਿਸਮਤ ਦੇ ਵਰਕੇ।
ਇੱਕ-ਇੱਕ ਕਰ ਅੰਬਰੀਂ ਟੰਗਦਾ ਰਹਾਂਗਾ।
ਮਾਯੂਸ ਜ਼ਿੰਦਗੀ ਦੀ ਲੀਹ ਤੇ
ਹੱਥ ਲੈ ਤਨਹਾਈ ਦਾ ਕਾਸਾ
ਜ਼ਿੰਦਾ ਰਹਿਣ ਲਈ
ਦੋ ਟੁੱਕ ਖੁਸ਼ੀਆਂ ਦੀ ਖੈਰ ਮੰਗਦਾ ਰਹਾਂਗਾ।
ਤੇ ਵਕਤ ਦੇ ਉਦਾਸ ਪਲਾਂ 'ਚ
ਮੈਂ ਤੇਰੀ ਬਿਰਹੋਂ ਤੋਂ
ਗੀਤ ਉਧਾਰਾ ਮੰਗਦਾ ਰਹਾਂਗਾ!

ਏਸ ਜੱਗ ਨੂੰ ਲੱਗ ਰਿਹਾ
ਤੇਰੀ ਮੁਹੱਬਤ ਦੀ ਮਹਿਕ
ਚੰਦਨ ਬਣ ਮੇਰਾ ਰੋਮ-ਰੋਮ ਮਹਿਕਾਂ ਰਹੀ
ਪਰ ਏਹੋ ਤੇਰੀ ਮੁਹੱਬਤ
ਮੈਨੂੰ ਸੂਲਾਂ ਬਣ ਚੁੱਭ ਰਹੀ
ਮੇਰੀ ਜ਼ਿੰਦਗੀ ਦੀ ਚਾਨਣੀ ਰਾਤ
ਹੌਲੀ-ਹੌਲੀ ਮੱਸਿਆ 'ਚ ਡੁੱਬ ਰਹੀ
ਜ਼ਿੰਦਗੀ ਨਾਲ ਤਕਰਾਰਾਂ
ਖੁਸ਼ੀਆਂ ਨਾਲ ਵਿਛੋੜੇ

Academy of the Punjab in North America: http://www.apnaorg.com

ਉਜੜੇ ਰਾਹਾਂ ਦੀ ਸੈਰ
ਤਪਦੇ ਜੇਠ ਦੀ ਦੁਪਹਿਰ
ਪਰ ਫਿਰ ਵੀ ਤੇਰੀ ਮੁਹੱਬਤ ਦੇ
ਇੰਨ੍ਹਾਂ ਰੰਗਾਂ 'ਚ ਰੰਗ ਹੋ ਮੈਂ ਖੁਸ਼ ਹਾਂ
ਹਰ ਜਨਮ 'ਚ ਮੈਂ ਆਪਣੀ ਰੂਹ ਨੂੰ
ਤੇਰੀ ਮੁਹੱਬਤ ਦੇ ਇੰਨ੍ਹਾਂ ਰੰਗਾਂ 'ਚ ਰੰਗਦਾ ਰਹਾਂਗਾ
ਤੇ ਵਕਤ ਦੇ ਉਦਾਸ ਪਲਾਂ 'ਚ
ਮੈਂ ਤੇਰੇ ਬਿਰਹੋਂ ਤੋਂ
ਗੀਤ ਉਧਾਰਾ ਮੰਗਦਾ ਰਹਾਂਗਾ !

ਅੱਜ ਮੈਂ ਤੇਰੇ ਬਿਰਹੋਂ ਤੋਂ
ਜੋ ਗੀਤ ਉਧਾਰਾ ਮੰਗਿਆ ਏ,
ਇਹ ਸਾਡੀ ਪ੍ਰੀਤ ਦੀ ਹੀ ਉਪਜ਼ ਹੈ
ਜੋ ਵਕਤ ਦੀਆਂ ਤਰਕਾਲਾਂ 'ਚ ਸਮੇਟ ਹੋ ਰਹੀ
ਸ੍ਰਿਸ਼ਟੀ ਦੇ ਖੇਲ 'ਚ
ਸਾਡੀ ਮੁਹੱਬਤ ਮਲੀਆ ਮੇਟ ਹੋ ਰਹੀ
ਹਨ੍ਹੇਰੀ ਰਾਤ ਦੇ ਸਨਾਟੇ 'ਚ
ਕੁੱਝ ਉੱਲੂ ਬੋਲ ਕੇ
ਉਜਾੜਾਂ ਦੀ ਚਾਦਰ
ਸਾਡੇ ਤਨ ਤੇ ਲਪੇਟ ਰਹੇ
ਇਸ ਉਜੜੀ ਹਨ੍ਹੇਰੀ ਰਾਤ 'ਚ
ਰੋਜ਼ ਮੈਂ ਤੇਰੀ ਯਾਦ ਦੇ ਜ਼ਹਿਰ ਲਈ
ਫ਼ਨੀਅਰ ਨਾਗਾਂ ਦੀਆਂ ਸਿਰੀਆਂ 'ਤੇ
ਪੈਰ ਧਰ ਲੰਘਦਾ ਰਹਾਗਾਂ।

Academy of the Punjab in North America: http://www.apnaorg.com

ਤੇ ਵਕਤ ਦੇ ਉਦਾਸ ਪਲਾਂ 'ਚ
ਮੈਂ ਤੇਰੇ ਬਿਰਹੋਂ ਤੋਂ
ਗੀਤ ਉਧਾਰਾ ਮੰਗਦਾ ਰਹਾਂਗਾ!

ਅੱਜ ਮੈਂ ਤੇਰੇ ਬਿਰਹੋਂ ਤੋਂ
ਜੋ ਗੀਤ ਉਧਾਰਾ ਮੰਗਿਆ ਏ
ਇਹ ਸਾਡੀ ਪ੍ਰੀਤ ਦੇ
ਜਜ਼ਬਿਆਂ ਦਾ ਇੱਕ ਅੰਸ਼
ਜੋ ਹੋਂਦ ਆਉਣੋਂ ਅਜੇ ਰੁੱਕਿਆ ਏ
ਜੀਕਣ ਔੜਾਂ ਦੀ ਧੁੱਪੇ
ਫੁੱਲ ਗੁਲਮੋਹੀ ਦਾ ਸੁੱਕਿਆ ਏ
ਅੱਜ ਦੀ ਸ਼ਾਮ
ਤੇਰੇ ਸ਼ਹਿਰ ਦੀਆਂ ਗਲ਼ੀਆਂ 'ਚ
ਕੇਹਾ ਰੰਗ ਬਖੇਰ ਰਹੀ
ਅੱਜ ਮੇਰੀ ਰੂਹ ਵੀ
ਮੈਨੂੰ ਬੁੱਲ੍ਹ ਟੇਰ ਰਹੀ
ਸ਼ਾਇਦ ਆਖ ਰਹੀ ਏ
ਮੇਰਾ ਗ਼ਮਾਂ ਦੇ ਹਨ੍ਹੇਰੇ 'ਚ ਦਮ ਘੁੱਟ ਰਿਹਾ ਏ
ਸ਼ਾਇਦ ਇਹ ਵੀ ਆਖ ਰਹੀ ਏ
ਤੇਰੀ ਇੱਕ ਤਰਫ਼ੀ ਮੁਹੱਬਤ ਦਾ ਦੀਵਾ
ਪਾਣੀ ਦੀਆਂ ਛੱਲਾਂ ਉੱਪਰ ਕਦ ਤੱਕ ਤੈਰਦਾ ਰਹੇਗਾ
ਪਰ ਮੈਂ ਚਾਹੁੰਦਾਂ ਹਾਂ ਹਰ ਜਨਮ
ਏਹੀਓ ਬਿਰਹੋਂ ਹੰਢਾਵਾਂ
ਤੇਰੀ ਬਿਰਹੋਂ ਦੇ ਸਹਾਰੇ
ਮੈਂ ਗੀਤਾਂ 'ਚ ਡੁੱਬਦਾ ਜਾਵਾਂ

Academy of the Punjab in North America: http://www.apnaorg.com

ਕਦੇ ਮਿਲੇ ਨਾ ਮੈਨੂੰ ਤੇਰੀ ਚਾਹਤ
ਦਰਦ ਦਿਲ ਦਾ ਕਹਿਣੋਂ ਤੈਨੂੰ ਸੰਗਦਾ ਰਹਾਂ
ਤੇਰੀ ਬਿਰਹੋਂ ਤੋਂ ਗੀਤ ਉਧਾਰਾ ਮੰਗਦਾ ਰਹਾਂ
ਹਰ ਜਨਮ 'ਚ ਮੈਂ
ਦਰਦ ਦਿਲ ਦਾ ਕਹਿਣੋਂ ਤੈਨੂੰ ਸੰਗਦਾ ਰਹਾਂਗਾ
ਵਕਤ ਦੇ ਉਦਾਸ ਪਲਾਂ 'ਚ
ਮੈਂ ਤੇਰੀ ਬਿਰਹੋਂ ਤੋਂ
ਗੀਤ ਉਧਾਰਾ ਮੰਗਦਾ ਰਹਾਂਗਾ।
ਤੇ ਆਪਣੀ ਕਿਸਮਤ ਦੇ ਬਰਕੇ
ਇੱਕ-ਇੱਕ ਕਰ ਅੰਬਰੀਂ ਟੰਗਦਾ ਰਹਾਂਗਾ!

Academy of the Punjab in North America: http://www.apnaorg.com

## ਯਾਦਾਂ ਦੇ ਬਾਗੀਂ

ਯਾਦਾਂ ਦੇ ਬਾਗੀਂ ਘਿਰੀ ਵੇ ਅੜਿਆ,
ਕੇਹਾ ਝੱਖੜ ਹਨ੍ਹੇਰ ਛਾਇਆ।
ਸਾਡੇ ਨਾਲ ਲਾਈਆਂ ਪ੍ਰੀਤਾਂ ਦਾ,
ਤੈਂ ਕੌਡੀ ਮੁੱਲ ਨਾ ਪਾਇਆ।

ਵਿੱਚ ਉਜਾੜਾਂ ਤੁਰੀ ਪਈ ਨੂੰ,
ਜਦ ਮਿਲਿਆ ਨਾ ਕੋਈ ਸਹਾਰਾ।
ਕਰ ਚੇਤੇ ਤੇਰੀ ਪ੍ਰੀਤ ਨੂੰ ਅੜਿਆ,
ਤੇਰੀ ਯਾਦ ਦਾ ਨਾਗ ਲੜਾਇਆ।

ਅਕਸ ਦਿਸੇ ਤੇਰਾ ਵੇ ਅੜਿਆ,
ਲੋਕਾਂ ਭਾਣੇ ਕਮਲੀ ਹੋਈ।
ਇਹ ਲੋਕ ਵਿਚਾਰੇ ਕੀ ਜਾਨਣ,
ਤੂੰ ਹੈ ਮੇਰਾ ਹਮਸਾਇਆ।

ਤੇਰੀ ਹਰ ਪੀੜ ਵੇ ਅੜਿਆ
ਮੈਂ ਹੱਸ ਕੇ ਸੀਨੇ ਧਰਲਾਂ।
ਜੇ ਆਪਣੇ ਦੇਸ਼ ਲੈ ਜਾਵੇ,
ਮੈਨੂੰ ਜੱਗ ਤੇ ਕਰ ਪਰਾਇਆ।

Academy of the Punjab in North America: http://www.apnaorg.com

ਅੱਧੀ ਰਾਤੀਂ ਦੀਵਾ ਬਾਲੇ,
ਤੇਰੀ ਦੀਦ ਦੀਵਾਨੀ।
ਪਿਆ ਭੁਲੇਖਾ ਤੇਰਾ ਵੇ ਅੜਿਆ,
ਜਦ ਪੌਣਾਂ ਬੂਹਾ ਖੜਕਾਇਆ।

ਹੋਏ ਮੇਰੇ ਸਾਹ ਜ਼ਖ਼ਮੀ,
ਫੇਰ ਨਾਮ ਤੇਰੇ ਦੀ ਮਾਲਾ।
ਸੁੱਕੇ ਹੋਠਾਂ ਨੂੰ ਵੇ ਅੜਿਆਂ,
ਘੁੱਟ ਪਾਣੀ ਅਸਾਂ ਛੁਹਾਇਆ।

Academy of the Punjab in North America: http://www.apnaorg.com

# ਦਰਦੀ

ਮੇਰੇ ਦਿਲ ਦੇ ਵਿਹੜੇ ਦਾ,
ਅੱਜ ਕਿਸ ਬੂਹਾ ਖੜਕਾਇਆ ।
ਕੋਈ ਗ਼ਮਾਂ ਦਾ ਪਿਆਰਾ ਲੱਗਦਾ ਏ,
ਜੋ ਦੂਰੋਂ ਚੱਲ ਕੇ ਆਇਆ ।

ਮੇਰੇ ਦਿਲ ਦੀ ਨੁੱਕਰੇ-
ਪਈਆਂ ਸੱਧਰਾਂ ਨੂੰ।
ਅੱਜ ਕਿਸ ਬੇ-ਦਰਦੀ ਨੇ,
ਸੂਲੀ ਆਣ ਚੜਾਇਆ ।

ਇਹਨੂੰ ਖਿੱਚ ਲਿਆਈ ਏ,
ਕੋਈ ਸਾਂਝ ਦਿਲਾਂ ਦੀ ।
ਨ੍ਹੇਰੀ ਰਾਤ ਚੀਰ-
ਜਿਸ ਪ੍ਰਭਾਤੀ ਫੇਰਾ ਪਾਇਆ ।

ਇਹ ਕਿਸ ਦਗ਼ਾ ਕਮਾਇਆ
ਹੋਇਓਂ ਵੇਖ ਹੈਰਾਨ ਮੈਂ।
ਕੀ ਦੱਸਾਂ! ਇਹ ਤਾਂ-
ਮੇਰਾ ਹੀ ਪਰਛਾਇਆ ।

ਕੀ ਆਖਾਂ! ਕੀ ਦੋਸ਼ ਦਿਆਂ?
ਮੈਂ ਆਪਣੇ ਪਰਛਾਵੇਂ ਨੂੰ।
ਇਹ ਤਾਂ ਮੇਰੇ ਨਾਲ ਜਨਮਿਆਂ,
ਮੇਰਾ ਹੀ ਹਮਸਾਇਆ ।

ਆ ਗਲ ਲੱਗ ਮਿਲ-
ਮੇਰੇ ਦਰਦੀਆਂ ਵੇ।
ਕਿਉਂ ਖ਼ੁਦ ਨੂੰ-
ਪੀੜਾਂ ਨਾਲ ਸਜ਼ਾਇਆ ?

Academy of the Punjab in North America: http://www.apnaorg.com

## ਗੁਫਤਗੂ

ਅੱਜ ਮੈਨੂੰ ਚਾਨਣ ਰਾਤ ਖਲੋਤੇ ਨੂੰ -
ਕੁੱਝ ਉੱਲੂ ਬੋਲ ਰਹੇ।
ਕੁੱਝ ਕਹਿ ਰਹੇ ਨੇ,
ਸ਼ਾਇਦ ਏਹੋ ਹੀ ਕਹਿ ਰਹੇ ਨੇ,
"ਕੀ ਤੂੰ ਪੱਥਰ ਏ?
ਜੋ ਤਨਹਾਈ ਨੂੰ ਨਾਲ ਲੈ,
ਹਸੀਨ ਜ਼ਿੰਦਗੀ ਦੀ ਲੀਹ 'ਤੇ,
ਗ਼ਮਾਂ ਦੀ ਧੁੱਪੇ ਬੈਠਾ ਏ।
ਜਿਹੜਾ ਆਪਣੀ ਮੁਸਕਾਨ ਨੂੰ,
ਕਿਸੇ ਪਿਛਲੇ ਮੋੜ ਤੇ ਭੁੱਲ ਆਇਆ ਏ।
ਇੰਝ ਲੱਗਦਾ ਤੂੰ ਉਹ ਮੁਸਾਫਿਰ ਏ,
ਜੋ ਆਪਣੀ ਮੰਜ਼ਲ ਤੋਂ,
ਕੋਹਾਂ ਮੀਲ ਪਿੱਛੇ ਭਟਕ ਗਿਆ ਏ,
ਤੇ ਉਜੜੇ ਰਾਹਾਂ ਨੂੰ ਆਪਣੀ ਮੰਜ਼ਲ
ਸਮਝ,
ਆਪਣੇ ਅਰਮਾਨਾਂ ਦੀ ਬਲੀ
ਹੰਝੂਆਂ ਦੇ ਦੀਵੇ ਬਾਲ-ਬਾਲ ਕੇ
ਪਤਾ ਨਹੀਂ ਕਿਉਂ ਦੇ ਰਿਹਾ ਏ!"

ਮਨ ਦੀ ਅਵਾਜ਼......
"ਹਾਂ, ਮੈਂ ਪੱਥਰ ਹਾਂ
ਪੱਥਰ ਹੀ ਰਹਾਂਗਾ

Academy of the Punjab in North America: http://www.apnaorg.com

ਪਰ ਪਹਿਲਾ ਨਹੀਂ ਸੀ
ਨ੍ਹੇਰੀ ਰਾਤ ਤੋਂ ਡਰਦਾ
ਮੈਂ ਜੇਠ ਦੀ ਚਮਕਦੀ ਧੁੱਪ ਦਾ-
ਦੀਵਾਨਾ ਬਣ ਬੈਠਾ
ਇਸ ਧੁੱਪ ਦੇ ਲਿਸ਼ਕਦੇ ਨੈਣਾਂ ਨੇ
ਮੇਰੇ ਨੈਣਾਂ ਨੂੰ ਧੁੰਦਲਾ ਦਿੱਤਾ
ਜਿਸ ਕਰਕੇ ਮੈਂ
ਉਸ ਧੁੱਪ ਦੇ ਲਿਸ਼ਕਦੇ ਨੈਣਾਂ ਨਾਲ
ਆਪਣੇ ਨੈਣ ਮਿਲਾਉਣ ਦੇ
ਕਾਬਲ ਨਹੀਂ ਰਿਹਾ
ਹੁਣ ਮੈਂ ਮੁੜ ਨ੍ਹੇਰੀ ਰਾਤ ਨੂੰ
ਗਲ ਲਾਇਆ ਏ
ਜਿਸ ਨਾਲ ਨਜ਼ਰ ਮਿਲਾ
ਮੇਰੇ ਨੈਣਾਂ ਦਾ ਜੋੜਾ ਨਾ ਧੁੰਦਲਾਇਆ ਏ
ਪਰ ਫਿਰ ਵੀ
ਉਸ ਧੁੱਪ ਦੇ ਲਿਸ਼ਕਦੇ ਚਿਹਰੇ ਲਈ
ਮੈਂ ਤਾਰਿਆਂ ਦੀ ਲੋਏ
ਹੰਝੂਆਂ ਦਾ ਦੀਵਾ ਜਗਾਇਆ ਏ।"

"ਹਾਂ, ਮੈਂ ਪੱਥਰ ਹਾਂ
ਤੇ ਮੇਰਾ ਦਿਲ ਵੀ ਪੱਥਰ ਏ
ਪਹਿਲਾ ਜੋ ਕਦੇ ਮੋਮ ਸੀ
ਉਸ ਧੁੱਪ ਦੀਆਂ ਨਜ਼ਰਾਂ ਨੇ ਪਿਘਲਾਇਆਂ ਏ
ਪਿਘਲਾਅ ਗ਼ਮਾਂ ਦੇ ਪੱਲੇ ਪਾਇਆ ਏ

Academy of the Punjab in North America: http://www.apnaorg.com

ਕੁੱਝ ਕਣ ਤਨਹਾਈ ਰਲੀ
ਕੁੱਝ ਕਣ ਰੁਸਵਾਈ ਰਲੀ
ਕੁੱਝ ਕਣ ਜੁਦਾਈ ਰਲੀ
ਕੁੱਝ ਕਣ ਬੇ-ਵਫ਼ਾਈ ਰਲੀ
ਕੁੱਝ ਕਣ ਓਹਦੀ ਖ਼ੁਦਾਈ ਰਲੀ
ਇੰਨ੍ਹਾਂ ਰਲ ਮੇਰੇ ਮੋਮ ਜਿਹੇ ਦਿਲ-
ਨੂੰ ਪੱਥਰ ਬਨਾਇਆ ਏ
ਮੁੱਦਤਾਂ ਬੀਤ ਗਈਆ
ਮੁੜ ਏਹੋ ਨਾ ਕਦੇ ਮੁਸਕਰਾਇਆ ਏ।
ਅੱਠੋ ਪਹਿਰ ਜਿਹਦੇ 'ਤੇ
ਹੁਣ ਗ਼ਮਾਂ ਦਾ ਸਾਇਆ ਏ।"

Academy of the Punjab in North America: http://www.apnaorg.com

# ਵਹਿਮ

ਵੇਖ ਰੱਬਾ!
ਲੋਕੀਂ ਮੈਨੂੰ ਕੀ ਪਏ ਕਹਿੰਦੇ ਨੇ।
ਮੈਂ ਪਾਗ਼ਲ ਰੂਹ ਦਾ ਮਾਲਕ ਹਾਂ।
ਜੋ ਆਪਣੇ ਹੀ ਖਿਆਲਾਂ 'ਚ,
ਅਵਾਰਾ ਘੁੰਮਦਾ ਰਹਿੰਦਾ ਏ।
ਇਹਨੂੰ ਜ਼ਿੰਦਗੀ ਜਿਉਂਣੀ ਨਹੀਂ ਆਉਂਦੀ।
ਐਵੇਂ ਹੀ ਪਰਾਇਆਂ ਦਰਦਾਂ ਨੂੰ ਸਹਿੰਦਾ ਏ।
ਲੋਕੀਂ ਮੈਨੂੰ ਵੇਖ ਕੀ ਸੋਚਦੇ ਨੇ ?
ਇਹ ਇਸ਼ਕੇ ਦਾ ਮਾਰਿਆ ਹੋਇਆ ਏ।
ਕਿਸੇ ਚਿਹਰੇ ਦਾ ਸਤਾਇਆ ਲੱਗਦਾ ਏ।
ਪਰ ਇਹ ਵਹਿਮ ਏ ਸਭਨਾ ਲੋਕਾਂ ਦਾ ।
ਮੈਂ ਦੁਨੀਆਂ 'ਚ ਹੋਇਆ ਹਾਂ।
ਮੈਂ ਖ਼ੁਦ ਨੂੰ ਲੱਭਦਾ ਫਿਰਦਾ ਹਾਂ।
ਮੈਂ ਰੋਜ਼ ਆਪਣੀ ਭਾਲ 'ਚ,
ਅਵਾਰਾ ਫਿਰਦਾ ਹਾਂ।
ਪਰ ਮੈਂ ਅਜੇ ਤੀਕ,
ਆਪਣਾ ਵਜੂਦ ਨਹੀਂ ਲੱਭ ਸਕਿਆ।
ਸ਼ਾਇਦ ਇਸ ਲਈ ਮੇਰੀ
ਸਾਰੀ ਜ਼ਿੰਦਗੀ ਵੀ ਕਾਫ਼ੀ ਨਹੀਂ।
ਪਰ ਇੱਕ ਆਸ ਨੂੰ ਤੱਕ ਕੇ ਜੀਅ ਰਿਹਾ ਹਾਂ।
ਖਾਰੇ ਹੰਝੂਆਂ ਨੂੰ ਰੋਜ਼ ਪੀਅ ਰਿਹਾ ਹਾਂ।
ਫੱਟ ਇਸ਼ਕੇ ਦੇ ਰੋਜ਼ ਸੀਅ ਰਿਹਾ ਹਾਂ।

Academy of the Punjab in North America: http://www.apnaorg.com

# ਅਜਨਬੀ ਚਿਹਰਾ

ਇਹ ਕੌਣ ਚਿਹਰਾ ਮੁਸਕਰਾ ਰਿਹਾ,
ਔੜਾਂ 'ਚ ਜਸ਼ਨ ਮਨਾ ਰਿਹਾ।
ਕੋਈ ਬਿਰਹੋਂ ਜਾਇਆ ਲੱਗਦਾ ਏ,
ਜੋ ਗੀਤ ਪਿਆਰ ਦੇ ਗਾ ਰਿਹਾ।

ਇਹਦੇ ਚਿਹਰੇ 'ਤੇ -
ਉਮਰਾਂ ਦੀ ਖਮੋਸ਼ੀ ਏ।
ਸਮਿਆਂ ਪਿੱਛੇ ਛੁਪਿਆ-
ਜੋ ਉਮਰ ਲੰਘਾ ਰਿਹਾ।

ਪਥਰਾਏ ਨੈਣਾਂ 'ਚ -
ਅਕਸ ਦਿਸੇ ਜੁਦਾਈ ਦਾ।
ਜੋ ਹੰਝੂਆਂ ਨੂੰ ਪੀਅ-
ਤੇ ਗ਼ਮ ਨੂੰ ਖਾ ਰਿਹਾ।

ਸਦੀਆਂ ਤੀਕ ਨਾ ਮੁੱਕਣੈ
ਸਫਰ ਏਹੋ ਇਸ਼ਕੇ ਦਾ।
ਖੌਰੇ ਕਿਉਂ ਖ਼ੁਦ ਨੂੰ -
ਉਹ ਰਾਤਾਂ ਜਗਾ ਰਿਹਾ।

ਪੱਤਝੜ ਦੇ ਮੌਸਮੀ-
ਭੰਵਰਾ ਬਦ-ਨਸੀਬ ਕੋਈ
ਗ਼ਮਾਂ ਦੇ ਬਾਗੀਂ -
ਪੀੜਾਂ ਲਈ ਮੰਡਲਾ ਰਿਹਾ।

Academy of the Punjab in North America: http://www.apnaorg.com

ਹਿਜਰਾਂ ਦੇ ਜਲਣੇ ਦਾ
ਸੇਕ ਆਉਂਦਾ ਮੇਰੇ ਤੀਕ।
ਰੱਬ ਜਾਣੇ ਕਿਉਂ-
ਉਹ ਖ਼ੁਦ ਨੂੰ ਜਲਾ ਰਿਹਾ।

ਨਵੀਆਂ ਪੀੜਾਂ ਆਉਣਗੀਆਂ,
ਰੁੱਤ ਬਦਲੀ ਲੱਗਦੀ ਏ।
ਏਹੋ ਨਿਰਣੇ ਠੋਸ ਨਹੀਂ,
ਇਹ ਚਿਹਰਾ ਉਲਝਾ ਰਿਹਾ।

ਹੋਈ ਆਦਤ ਮੈਨੂੰ ਨੀ,
ਜਨਮਾਂ ਤੋਂ ਦਰਦ ਹੰਢਾਵਣ ਦੀ।
ਕੋਮਲ ਕਲੀ ਜਿਹੇ ਚਿਹਰੇ ਨੂੰ,
ਰੱਬਾ ! ਕਿਉਂ ਤੜਫਾ ਰਿਹਾ।

ਕੋਈ ਸਾਂਝ ਅਤੀਤਾਂ ਦੀ-
ਮੇਰੇ ਸੰਗ ਲੱਗਦੀ ਏ।
ਜੋ ਅਜਨਬੀ ਚਿਹਰਾ -
ਸੰਗ ਮੇਰੇ ਰਿਸ਼ਤਾ ਬਣਾ ਰਿਹਾ।

ਓਹਦਾ ਬਣਾ ਸਹਾਰਾ ਮੈਂ
ਏਹੋ ਇੱਛਾ ਹੋਈ ਏ।
ਬਿਰਹੋਂ ਆਤਸ਼ ਨੈਣਾਂ ਨਾਲ,
ਮੇਰਾ ਸੀਨਾ ਪਿਘਲਾ ਰਿਹਾ।

Academy of the Punjab in North America: http://www.apnaorg.com

ਏਹੋ ਖ਼ਵਾਹਿਸ਼ ਮੇਰੀ ਵੇ ਰੱਬਾ,
ਓਹਦੀ ਪੀੜ ਮੇਰੀ ਹੋ ਜਾਵੇ।
ਜੋ ਇਸ ਜਗ ਅੰਦਰ ,
ਝੂਠਾ ਮੁਸਕਰਾ ਰਿਹਾ।

ਸੂਹੇ ਫੁੱਲ ਖਿੜ ਜਾਵਣ,
ਉਸ ਦਿਲ ਦੇ ਵਿਹੜੇ।
ਔੜਾਂ 'ਚ ਜੋ ਚਿਹਰਾ,
ਜਸ਼ਨ ਮਨਾ ਰਿਹਾ।

ਸੂਰਜ ਜਿਹੇ ਚਿਹਰੇ ਨੂੰ,
ਅੰਬਰੀਂ ਤੱਕਣਾ ਚਾਹਵਾਂ।
ਮੇਰੇ ਲੇਖਾਂ ਦੇ ਘਰ ਹਨੇਰਾ,
ਮੈਂ ਤਾਂ ਡੁੱਬਦਾ ਜਾ ਰਿਹਾ।

ਹਰ ਰਾਤ ਚਾਨਣੀ ਹੋਵੇ,
ਉਸ ਚਿਹਰੇ ਦੀ ਰੱਬਾ।
ਇੱਥੇ ਕੀ ਮੇਰਾ ਮੈਂ ਤਾਂ-
ਮੱਸਿਆ ਹੰਢਾ ਰਿਹਾ।

ਰਤਾ ਵੀ ਫਰਕ ਨਹੀਂ,
ਇੰਨ੍ਹਾਂ ਦਰਦ ਪਰਾਇਆਂ ਨਾਲ।
ਮੈਂ ਤਾਂ ਜਨਮਾਂ ਤੋਂ ਗ਼ਮਾਂ ਦੀ-
ਲੀਹੇ ਤੁਰਦਾ ਆ ਰਿਹਾ।

Academy of the Punjab in North America: http://www.apnaorg.com

ਕਦੇ ਯਾਦ ਕਰੇਗਾ ਕੋਈ ,
ਸਾਡੀਆਂ ਉਮਰ ਦੁਆਵਾਂ ਨੂੰ।
ਜਿਸ ਚਿਹਰੇ ਦਾ ਮੈਂ -
ਦੁੱਖੜਾ ਵੰਡਾ ਰਿਹਾ।

ਮੈਂ ਤਾਂ ਹਾਂ ਉਹ ਅਜਨਬੀ,
ਜੋ ਦਿਲ ਦੇ ਸਕੂਨ ਲਈ ।
ਅਜਨਬੀਆਂ ਤੋਂ ਪੀੜਾਂ ਖੋਹ,
ਘਰ ਆਪਣਾ ਸਜਾ ਰਿਹਾ।

Academy of the Punjab in North America: http://www.apnaorg.com